Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 133 02/10/2025 www.samajweekly.com samajweekly @samajweekly samajweekly



# ਸਮਰਾਟ ਅਸ਼ੋਕਾ, ਵਿਜਯਾਦਸ਼ਮੀ ਅਤੇ ਧੰਮਚੱਕਰ ਪਰਿਵਰਤਨ ਦਿਵਸ ਦੀਆਂ ਅਦਾਰਾ ਸਮਾਜ ਵੀਕਲੀ ਵਲੋਂ ਸ਼ੁੱਭਕਾਮਨਾਵਾਂ

# ਵਿਜੇਦਸ਼ਮੀ ਦਾ ਅਸਲੀ ਨਾਮ "ਅਸ਼ੋਕ ਵਿਜੇਦਸ਼ਮੀ" ਹੈ ਸਮਰਾਟ ਅਸ਼ੋਕ ਦੇ ਇਤਿਹਾਸ ਬਾਰੇ ਜਾਣੋ!



**ਸਮਾਜ ਵੀਕਲੀ ਯੂ ਕੇ**

ਅਸ਼ੋਕ ਵਿਜੇਦਸ਼ਮੀ ਉਸ ਦਿਨ ਨੂੰ ਦਰਸਾਉਂਦੀ ਹੈ ਜਦੋਂ ਸਮਰਾਟ ਅਸ਼ੋਕ ਨੇ ਕਲਿੰਗ ਯੁੱਧ ਤੋਂ ਬਾਅਦ ਹਥਿਆਰਾਂ ਦਾ ਰਸਤਾ ਤਿਆਗ ਦਿੱਤਾ ਸੀ ਅਤੇ ਬੁੱਧ ਧਰਮ ਅਪਣਾਇਆ ਸੀ, ਅਤੇ ਇਹ ਬੁੱਧ ਧਰਮ ਲਈ ਇੱਕ ਪਵਿੱਤਰ ਤਿਉਹਾਰ ਹੈ। ਇਸ ਦਿਨ ਨੂੰ ਧੰਮਚੱਕਰ ਪ੍ਰਵਰਤਨ ਦਿਵਸ ਵਜੋਂ ਵੀ ਮਨਾਇਆ ਜਾਂਦਾ ਹੈ ਅਤੇ ਇਸਨੂੰ ਸ਼ਾਂਤੀ ਅਤੇ ਅਹਿੰਸਾ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 1956 ਵਿੱਚ ਇਸ ਦਿਨ ਬੁੱਧ ਧਰਮ ਅਪਣਾਇਆ ਸੀ, ਜਿਸ ਨਾਲ ਇਹ ਜਸ਼ਨ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ।

ਅਸ਼ੋਕ ਵਿਜੇਦਸ਼ਮੀ ਦੀ ਮਹੱਤਤਾ

ਸਮਰਾਟ ਅਸ਼ੋਕ ਦਾ ਧਰਮ ਪਰਿਵਰਤਨ: ਕਲਿੰਗ ਯੁੱਧ ਤੋਂ ਬਾਅਦ, ਸਮਰਾਟ ਅਸ਼ੋਕ ਨੇ ਹਿੰਸਾ ਦਾ ਰਸਤਾ ਤਿਆਗ ਦਿੱਤਾ ਅਤੇ ਬੁੱਧ ਧਰਮ ਅਪਣਾਇਆ, ਇਸ ਲਈ ਇਹ ਦਿਨ ਉਨ੍ਹਾਂ ਦੇ ਧਾਰਮਿਕ ਪਰਿਵਰਤਨ ਅਤੇ ਸ਼ਾਂਤੀ ਪ੍ਰਤੀ ਵਚਨਬੱਧਤਾ ਦੀ ਯਾਦ ਦਿਵਾਉਂਦਾ ਹੈ।

ਧੰਮ ਦੀਕਸ਼ਾ ਦਿਵਸ: ਇਸ ਦਿਨ, ਸਮਰਾਟ ਅਸ਼ੋਕ ਨੇ ਪੂਜਨੀਕ ਬੰਤੇ ਮੋਗਿਲੀਪੁੱਤਰ ਤਾਤੀਸ਼ਾ ਤੋਂ ਧੰਮ ਵਿੱਚ ਦੀਖਿਆ ਪ੍ਰਾਪਤ ਕੀਤੀ, ਜਿਸ ਨਾਲ ਇਹ ਬੋਧੀ ਭਾਈਚਾਰੇ ਲਈ ਇੱਕ ਪਵਿੱਤਰ ਤਿਉਹਾਰ ਬਣ ਗਿਆ। ਸ਼ਾਂਤੀ ਅਤੇ ਅਹਿੰਸਾ ਦਾ ਸੰਦੇਸ਼: ਇਹ ਦਿਨ ਦਰਸਾਉਂਦਾ ਹੈ ਕਿ ਸ਼ਾਂਤੀ ਅਤੇ ਅਹਿੰਸਾ ਦੁਆਰਾ ਪ੍ਰਾਪਤ ਕੀਤੀ ਗਈ ਮਨ ਦੀ ਜਿੱਤ, ਹਥਿਆਰਾਂ ਦੀ ਜਿੱਤ ਨਾਲੋਂ ਵਧੇਰੇ ਮਹੱਤਵਪੂਰਨ ਹੈ।

ਅੰਬੇਡਕਰਾਈ ਤਿਉਹਾਰ: ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 1956 ਵਿੱਚ ਇਸ ਦਿਨ ਲੱਖਾਂ ਹੋਰ ਲੋਕਾਂ ਦੇ ਨਾਲ ਬੁੱਧ ਧਰਮ ਅਪਣਾਇਆ ਸੀ, ਜਿਸ ਨਾਲ ਇਹ ਅੰਬੇਡਕਰਾਈ ਭਾਈਚਾਰੇ ਲਈ ਇੱਕ ਮਹੱਤਵਪੂਰਨ ਤਿਉਹਾਰ ਬਣ ਗਿਆ।

"ਅਸ਼ੋਕ ਵਿਜੇਦਸ਼ਮੀ" ਬ੍ਰਾਹਮਣਾਂ ਨੇ ਬਹੁਜਨਾਂ ਦੇ ਇਸ ਮਹੱਤਵਪੂਰਨ ਤਿਉਹਾਰ ਨੂੰ ਕਾਲਪਨਿਕ ਰਾਮ ਅਤੇ ਰਾਵਣ ਦੀ ਜਿੱਤ ਵਜੋਂ ਦਰਸਾ ਕੇ ਹੜੱਪ ਲਿਆ ਹੈ। ਜਿੱਥੋਂ ਤੱਕ ਦੁਸਹਿਰੇ ਦੀ ਗੱਲ ਹੈ, ਚੰਦਰਗੁਪਤ ਮੌਰਿਆ ਤੋਂ ਲੈ ਕੇ ਮੌਰਿਆ ਸਾਮਰਾਜ ਦੇ ਆਖਰੀ ਸ਼ਾਸਕ ਬ੍ਰਿਹਦ੍ਰਥ ਮੌਰਿਆ ਤੱਕ ਦਸ ਸਮਰਾਟ ਹਨ।

ਆਖਰੀ ਸਮਰਾਟ, ਬ੍ਰਿਹਦ੍ਰਥ ਮੌਰਿਆ, ਨੂੰ ਉਸਦੇ ਸੈਨਾਪਤੀ, ਪੁਸ਼ਯਮਿੱਤਰ ਸ਼ੁੰਗ ਦੁਆਰਾ ਕਤਲ ਕਰ ਦਿੱਤਾ ਗਿਆ ਸੀ, ਜਿਸਨੇ ਸ਼ੁੰਗ ਰਾਜਵੰਸ਼ ਦੀ ਸਥਾਪਨਾ ਕੀਤੀ ਸੀ। ਪੁਸ਼ਯਮਿੱਤਰ ਸ਼ੁੰਗ ਇੱਕ ਬ੍ਰਾਹਮਣ ਸੀ। ਇਸ ਭਾਈਚਾਰੇ ਨੇ ਇਸ ਦਿਨ ਨੂੰ ਬਹੁਤ ਧੂਮਧਾਮ ਨਾਲ ਮਨਾਇਆ। ਉਸ ਸਾਲ, ਇਹ ਅਸ਼ੋਕ ਵਿਜੇਦਸ਼ਮੀ ਦਾ ਹੀ ਦਿਨ ਸੀ। ਉਨ੍ਹਾਂ ਨੇ "ਅਸ਼ੋਕ" ਸ਼ਬਦ ਹਟਾ ਦਿੱਤਾ ਅਤੇ ਵਿਜੇਦਸ਼ਮੀ ਦਿਨ ਮਨਾਇਆ। ਦਸ ਮੌਰੀਆ ਸਮਰਾਟਾਂ ਦੇ ਵੱਖਰੇ ਪੁਤਲੇ ਬਣਾਉਣ ਦੀ ਬਜਾਏ, ਦਸ ਸਿਰਾਂ ਵਾਲਾ ਇੱਕ ਪੁਤਲਾ ਬਣਾਇਆ ਗਿਆ ਅਤੇ ਸਾੜਿਆ ਗਿਆ।



ਸਮਰਾਟ ਅਸ਼ੋਕ ਦੀ 2500 ਸਾਲ ਪੁਰਾਣੀ ਵਿਰਾਸਤ ਨਾਲ ਜੁੜਦੇ ਹੋਏ, ਬਾਬਾ ਸਾਹਿਬ ਡਾ. ਅੰਬੇਡਕਰ ਨੇ 14 ਅਕਤੂਬਰ, 1956 ਨੂੰ ਅਸ਼ੋਕ ਵਿਜੇਦਸ਼ਮੀ ਦੇ ਦਿਨ 500,000 ਲੋਕਾਂ ਨਾਲ ਬੁੱਧ ਧਰਮ ਅਪਣਾਇਆ।

# ਸੋਨੇ ਦੀਆਂ ਕੀਮਤਾਂ ਵਿਚ ਵਾਧਾ ਜਾਰੀ; 1.21 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋਇਆ

**ਨਵੀਂ ਦਿੱਲੀ।** ਦੇਸ਼ ਵਿਚ ਸੋਨੇ ਦੀਆਂ ਕੀਮਤਾਂ ਨਿਤ ਦਿਨ ਨਵੇਂ ਰਿਕਾਰਡ ਤੋੜ ਰਹੀਆਂ ਹਨ। ਕੌਮੀ ਰਾਜਧਾਨੀ ਵਿੱਚ ਸੋਨੇ ਦੀਆਂ ਕੀਮਤਾਂ 1,100 ਰੁਪਏ ਵਧ ਕੇ 1.21 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋ ਗਈਆਂ ਹਨ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਅਨੁਸਾਰ, 99.9 ਫੀਸਦੀ ਸ਼ੁੱਧਤਾ ਵਾਲੀ ਕੀਮਤੀ ਧਾਤ 1,100 ਰੁਪਏ ਵਧ ਕੇ 1,21,100 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੀ ਨਵੀਂ ਸਿਖਰ ’ਤੇ ਪਹੁੰਚ ਗਈ ਜੋ ਬੀਤੇ ਦਿਨ 1,20,000 ਰੁਪਏ ਪ੍ਰਤੀ 10 ਗ੍ਰਾਮ ਸੀ। ਸਥਾਨਕ ਸਰਾਫਾ ਬਾਜ਼ਾਰ ਵਿੱਚ 99.5 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ 1,100 ਰੁਪਏ ਵਧ ਕੇ 1,20,500 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਜੀਵਨ ਭਰ ਦੇ ਉੱਚ ਪੱਧਰ ’ਤੇ ਪਹੁੰਚ ਗਿਆ ਜੋ ਬੀਤੇ ਦਿਨ 1,19,400 ਰੁਪਏ ਪ੍ਰਤੀ 10 ਗ੍ਰਾਮ ਸੀ। ਹਾਲਾਂਕਿ ਚਾਂਦੀ ਦੀਆਂ ਕੀਮਤਾਂ 1,50,500 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ’ਤੇ ਸਥਿਰ ਰਹੀਆਂ। ਵਪਾਰੀਆਂ ਨੇ ਕਿਹਾ ਕਿ ਕਮਜ਼ੋਰ ਲੇਬਰ ਮਾਰਕੀਟ ਨੇ ਫੈਡਰਲ ਰਿਜ਼ਰਵ ਵਲੋਂ ਵਿਆਜ ਦਰਾਂ ਵਿੱਚ ਕਟੌਤੀ ਦੀਆਂ ਉਮੀਦਾਂ ਨੂੰ ਹੋਰ ਮਜ਼ਬੂਤੀ ਦਿੱਤੀ ਹੈ, ਜਿਸ ਨਾਲ ਸਰਾਫਾ ਕੀਮਤਾਂ ਨੂੰ ਹੋਰ ਸਮਰਥਨ ਮਿਲੇਗਾ। ਵਿਦੇਸ਼ੀ ਬਾਜ਼ਾਰਾਂ ਵਿੱਚ ਵੀ ਸੋਨੇ ਦੀਆਂ ਕੀਮਤਾਂ ਵਿਚ ਵਾਧਾ ਹੋ ਰਿਹਾ ਹੈ ਤੇ ਚਾਂਦੀ ਲਗਪਗ 2 ਪ੍ਰਤੀਸ਼ਤ ਵਧ ਕੇ 47.56 ਡਾਲਰ ਪ੍ਰਤੀ ਔਂਸ ਦੇ ਉੱਚ ਪੱਧਰ ’ਤੇ ਪਹੁੰਚ ਗਈ ਹੈ। ਜ਼ਿਕਰਯੋਗ ਹੈ ਕਿ ਤਿਉਹਾਰਾਂ ਦੇ ਸੀਜ਼ਨ ਵਿਚ ਪੀਲੀ ਧਾਤ ਦੀ ਮੰਗ ਬਹੁਤ ਜ਼ਿਆਦਾ ਵੱਧ ਜਾਂਦੀ ਹੈ।



# ਫਿਲਪੀਨ ਵਿੱਚ ਜ਼ਬਰਦਸਤ ਭੂਚਾਲ ਕਾਰਨ 69 ਮੌਤਾਂ

**ਮਨੀਲਾ।** ਮੰਗਲਵਾਰ ਦੇਰ ਰਾਤ ਆਏ 6.9 ਸ਼ਿੱਦਤ ਦੇ ਇੱਕ ਸਮੁੰਦਰੀ ਭੂਚਾਲ ਨੇ ਕੇਂਦਰੀ ਫਿਲਪੀਨ ਸੂਬੇ ਵਿੱਚ ਘਰਾਂ ਅਤੇ ਇਮਾਰਤਾਂ ਦੀਆਂ ਕੰਧਾਂ ਢਾਹ ਦਿੱਤੀਆਂ। ਰਾਈਟਰਜ਼ ਦੀ ਰਿਪੋਰਟ ਅਨੁਸਾਰ ਘੱਟੋ-ਘੱਟ 69 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਭਾਰੀ ਝਟਕਿਆਂ ਕਾਰਨ ਬਿਜਲੀ ਗੁੱਲ ਹੋਣ ’ਤੇ ਵਸਨੀਕ ਹਨੇਰੇ ਵਿੱਚ ਆਪਣੇ ਘਰਾਂ ਵਿੱਚੋਂ ਬਾਹਰ ਭੱਜ ਦੌੜ ਲੱਗੇ। ਆਫ਼ਤ ਪ੍ਰਬੰਧਨ ਅਧਿਕਾਰੀ ਰੈਕਸ ਯਗੋਟ ਨੇ ਐਸੋਸੀਏਟਿਡ ਪ੍ਰੈਸ ਨੂੰ ਟੈਲੀਫੋਨ ’ਤੇ ਦੱਸਿਆ ਕਿ ਭੂਚਾਲ ਦਾ ਕੇਂਦਰ ਲਗਪਗ 90,000 ਲੋਕਾਂ ਦੇ ਤੱਟਵਰਤੀ ਸ਼ਹਿਰ ਬੋਗੋ ਦੇ ਉੱਤਰ-ਪੂਰਬ ਵਿੱਚ 19 ਕਿਲੋਮੀਟਰ ਦੂਰ ਸੀ, ਜੋ ਸੇਬੂ ਸੂਬੇ ਵਿੱਚ ਸਥਿਤ ਹੈ। ਇੱਥੇ ਘੱਟੋ-ਘੱਟ 14 ਵਸਨੀਕਾਂ ਦੀ ਮੌਤ ਹੋ ਗਈ ਹੈ। ਇਹ ਭੂਚਾਲ ਸਥਾਨਕ ਫਾਲਟ ਵਿੱਚ 5 ਕਿਲੋਮੀਟਰ ਦੀ ਡੂੰਘਾਈ ’ਤੇ ਹਰਕਤ ਕਾਰਨ ਸ਼ੁਰੂ ਹੋਇਆ ਸੀ। ਬੋਗੋ ਵਿੱਚ ਮੌਤਾਂ ਦੀ ਗਿਣਤੀ ਵਧਣ ਦੀ ਉਮੀਦ ਜਤਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵਰਕਰ ਇੱਕ ਪਹਾੜੀ ਪਿੰਡ ਵਿੱਚ ਝੌਂਪੜੀਆਂ ਦੇ ਸਮੂਹ ਵਿੱਚ ਤਲਾਸ਼ੀ ਅਤੇ ਬਚਾਅ ਯਤਨਾਂ ਨੂੰ ਤੇਜ਼ ਕਰਨ ਲਈ ਇੱਕ ਬੈਕਹੋ (ਮਿੱਟੀ ਪੁੱਟਣ ਵਾਲੀ ਮਸ਼ੀਨ) ਲਿਜਾਣ ਦੀ ਕੋਸ਼ਿਸ਼ ਕਰ ਰਹੇ ਸਨ, ਜਿੱਥੇ ਜ਼ਮੀਨ ਖਿਸਕਣ ਅਤੇ ਪੱਥਰ ਡਿੱਗਣ ਕਾਰਨ ਨੁਕ-ਸਾਨ ਹੋਇਆ ਹੈ। ਮੇਡਲਿਨ ਕਸਬੇ ਦੀ ਆਫ਼ਤ ਪ੍ਰਬੰਧਨ ਵਿਭਾਗ ਦੀ ਮੁਖੀ ਜੇਮਾ ਵਿਲਾਮੋਰ ਨੇ ਏਪੀ ਨੂੰ ਦੱਸਿਆ ਕਿ ਘੱਟੋ-ਘੱਟ 12 ਵਸਨੀਕ ਸੌਂਦੇ ਸਮੇਂ ਆਪਣੇ ਘਰਾਂ ਦੀਆਂ ਛੱਤਾਂ ਅਤੇ ਕੰਧਾਂ ਡਿੱਗਣ ਕਾਰਨ ਮਾਰੇ ਗਏ।

ਉਧਰ ਸੈਨ ਰੇਮੀਗਿਓ ਕਸਬੇ ਵਿੱਚ ਪੰਜ ਵਿਅਕਤੀ (ਜਿਨ੍ਹਾਂ ਵਿੱਚ ਤਿੰਨ ਤੱਟ ਰੱਖਿਅਕ ਕਰਮਚਾਰੀ, ਇੱਕ ਫਾਇਰਫਾਈਟਰ ਅਤੇ ਇੱਕ ਬੱਚਾ ਸ਼ਾਮਲ ਸਨ) ਇੱਕ ਬਾਸਕਟਬਾਲ ਖੇਡ ਦੌਰਾਨ ਸੁਰੱਖਿਅਤ ਥਾਂ ’ਤੇ ਭੱਜਣ ਦੀ ਕੋਸ਼ਿਸ਼ ਕਰਦੇ ਸਮੇਂ ਕੰਧਾਂ ਡਿੱਗਣ ਕਾਰਨ ਮਾਰੇ ਗਏ। ਅਧਿਕਾਰੀਆ ਨੇ ਦੱਸਿਆ ਕਿ ਭੂਚਾਲ ਕਾਰਨ ਪਾਣੀ ਸਹੂਲਤ ਪ੍ਰਣਾਲੀਆਂ ਵੀ ਪ੍ਰਭਾਵਿਤ ਹੋਈ ਹੈ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

| PLUMBING : - | ELECTRICIAN :- | MASONRY WORK: - | CARPENTRY: - |
|---|---|---|---|
| Repairs/Replacement of Bathrooms accessories (sink, taps, tubs, showers, Toilets etc. | Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc. | Plastering, skimming, Brick Work, Slabs Lying, Drive Ways, Roof maintenance etc. | Laminate Flooring, Fencing, Flat Packs Assembling, Doors repairing/ replacing, Skirting, Decking, Selves making etc. |


For more information please contact at www.checkatrade.com

Chander Consultants Limited, London, UK 07488841161

# ਕਾਠਗੜ੍ਹ 'ਚੋਅ' ਦੇ ਖੁੱਲੇ ਭਾਗ: ਪੰਚਾਇਤਾਂ ਦੀ ਸੁਣੀ ਪੁਕਾਰ ,2 ਕਿ.ਮੀ ਤੱਕ ਰੇਤ ਚੁੱਕਣ ਨੂੰ ਮਿਲੀ ਇਜਾਜ਼ਤ

●ਡਰੇਨ ਵਿਭਾਗ ਹੁਸ਼ਿਆਰਪੁਰ ਨੇ ਦਿੱਤਾ ਠੇਕਾ ●ਤਿੰਨ ਮਹੀਨਿਆ ਵਿੱਚ ਟੈਂਡਰ ਕੀਤਾ ਜਾਵੇਗਾ ਪੂਰਾ





**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪਿਛਲੇ ਲੰਬੇ ਸਮੇਂ ਤੋਂ ਬਰਸਾਤ ਦੇ ਦਿਨਾਂ ਵਿੱਚ ਕਸਬਾ ਕਾਠਗੜ੍ਹ ਤੇ ਇਸਦੇ ਨਾਲ ਲੱਗਦੇ ਕਈ ਪਿੰਡਾ ਵਿੱਚ ਭਾਰੀ ਬਰਸਾਤ ਕਾਰਨ ਕਾਠਗੜ 'ਚੋਅ' ਚ ਭਾਰੀ ਪਾਣੀ ਆ ਜਾਣ ਕਾਰਨ ਲੋਕਾਂ ਨੂੰ ਕਾਫੀ ਦਿੱਕਤਾ ਦਾ ਸਾਹਮਣਾ ਕਰਨਾ ਪੈਂਦਾ ਸੀ। ਆਲੇ ਦੁਆਲੇ ਦੇ ਪਿੰਡਾਂ ਦਾ ਸੰਪਰਕ ਵੀ ਟੁੱਟ ਜਾਦਾ ਸੀ। ਕਈ ਕਿ.ਮੀ ਦਾ ਸਫਰ ਤੈਅ ਕਰਨ ਲਈ ਲੋਕ ਮਜਬੂਰ ਹੁੰਦੇ ਸੀ। ਆਲੇ ਦੁਆਲੇ ਦੀਆਂ ਪੰਚਾਇਤਾਂ ਵਲੋਂ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਗੁਹਾਰ ਲਗਾਈ ਗਈ ਸੀ ਕਿ ਇਸ ਚੋਅ ਦੀ ਸਫਾਈ ਕਰਵਾਈ ਜਾਵੇ ਜਿਸਦੇ ਚੱਲਦੇ ਅੱਜ ਪੰਚਾਇਤਾਂ ਦੀ ਮੰਗ ਨੂੰ ਬੂਰ ਪਿਆ ਹੈ। ਜਿਸਦੇ ਚੱਲਦੇ ਮਾਈਨਿੰਗ ਡਰੇਨ ਵਿਭਾਗ ਹੁਸ਼ਿਆਰਪੁਰ ਦੇ ਵਲੋਂ ਜੀਡੀਪੀ ਇੰਫਰਾਟੈਕ ਫਰਮ ਨੂੰ ਇਸ ਚੋਅ ਤੋਂ ਰੇਤ ਦੀ ਡੀਸੀਲਟਿੰਗ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਸ ਸਬੰਧ ਵਿੱਚ ਠੇਕੇਦਾਰ ਰਾਜਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆਂ ਕਿ ਉਨ੍ਹਾਂ ਨੇ ਕਾਠਗੜ੍ਹ ਚੋਅ ਵਿੱਚ ਰੇਤ ਦੀ ਨਿਕਾਸੀ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਲਿਆ ਹੈ। ਜਿਸ ਵਿੱਚ ਤਕਰੀਬਨ 36 ਲੱਖ ਕਿਊਸਿਕ ਫੁੱਟ ਰੇਤ ਦੀ ਨਿਕਾਸੀ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ 6.10 ਰੁ ਫੁੱਟ ਦੇ ਹਿਸਾਬ ਨਾਲ ਰੇਤ ਦੀ ਨਿਕਾਸੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਲੋਕਲ ਅਤੇ ਬਾਹਰਲੇ ਟਿੱਪਰਾ ਵਾਲਿਆ ਦੇ ਟਿੱਪਰ ਵੀ 6.10 ਰੁਪਏ ਦੇ ਹਿਸਾਬ ਨਾਲ ਲੋਡ ਕੀਤੇ ਜਾਣਗੇ। ਪੱਕਾ ਬਿੱਲ ਨਾਲ ਦਿੱਤਾ ਜਾਵੇਗਾ ਤਾਂ ਕਿ ਉਨਾ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਵੀ ਇਸ ਜਗ੍ਹਾ ਦੀ ਨਿਗਰਾਨੀ ਕੀਤੀ ਜਾਵੇਗੀ। ਇਸ ਜਗ੍ਹਾ ਤੇ ਅੱਜ ਕੈਮਰੇ ਤੇ ਲਾਈਟਾ ਲੱਗ ਰਹੀਆ ਹਨ। ਬਹੁਤ ਹੀ ਪਾਰਦਰਸ਼ੀ ਢੰਗ ਨਾਲ ਇਸ ਜਗ੍ਹਾ ਤੋਂ ਡੀਸਿਲਟਿੰਗ ਕੀਤੀ ਜਾਵੇਗੀ।

# ਸਤਨਾਮ ਜਲਾਲਪੁਰ ਨੇ ਸਿੰਬਲ ਮਜਾਰਾ ਦੀ ਪੰਚਾਇਤ ਨੂੰ ਦਿੱਤੀ ਡੇਢ ਲੱਖ ਰੁਪਏ ਦੀ ਗਰਾਂਟ



**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਦੇ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਿਕਾਸ ਦੇ ਕੰਮ ਬੜੇ ਜੋਰਾਂ ਨਾਲ ਚੱਲ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਰੇਕ ਪਿੰਡਾਂ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਤਨਾਮ ਜਲਾਲਪੁਰ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਨਵਾਂਸ਼ਹਿਰ ਤੇ ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਡੇਢ ਲੱਖ ਰੁਪਏ ਦੀ ਗਰਾਂਟ ਸਿੰਬਲ ਮਜਾਰਾ ਪਿੰਡ ਦੀ ਗ੍ਰਾਮ ਪੰਚਾਇਤ ਨੂੰ ਦਿੱਤੀ। ਇਹ ਗਰਾਂਟ ਪੰਚਾਇਤ ਘਰ ਦੀ ਉਸਾਰੀ ਕਰਨ ਲਈ ਦਿੱਤੀ ਗਈ ਹੈ ਤਾਂ ਜੋ ਪੰਚਾਇਤ ਦੀਆਂ ਹਰ ਤਰ੍ਹਾਂ ਦੀਆਂ ਮੀਟਿੰਗਾਂ ਤੇ ਇਕੱਠ ਪੰਚਾਇਤ ਘਰ ਵਿੱਚ ਹੋ ਸਕਣ। ਇਸ ਮੌਕੇ ਸੁਖਵਿੰਦਰ ਕੌਰ ਸਰਪੰਚ,ਸ਼ੀਤਲ ਦੇਵੀ ਪੰਚ,ਪੂਜਾ ਪੰਚ,ਅਵਤਾਰ ਸਿੰਘ ਖੋਸਾ ਪੰਚ,ਅਵਤਾਰ ਸਿੰਘ,ਬਲਿਹਾਰ ਸਿੰਘ,ਤਾਰਾ ਸਿੰਘ,ਸੋਹਣ ਸਿੰਘ,ਵਿਸ਼ਾਲ ਆਦਿ ਹਾਜ਼ਰ ਸਨ।

# ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਲਈ ਸਕੂਲ ’ਚ ਕਰਵਾਈ ਐਕਟੀਵਿਟੀ

● ਆਈ.ਟੀ.ਆਈ. ਅਤੇ ਬਾਰਾਦਰੀ ਵਿਖੇ ਵਿਦਿਅਕ ਕਰਵਾਈ ਵਿਜਿਟ ● ਇਸ ਨਾਲ ਬੱਚਿਆਂ ਨੂੰ ਅਸਲ-ਸੰਸਾਰ ਦੀਆਂ ਘਟਨਾਵਾਂ ਨੂੰ ਦੇਖਣ ਅਤੇ ਅਨੁਭਵ ਕਰਨ ਦਾ ਮੌਕਾ ਮਿਲੇਗਾ - ਅਸ਼ਵਨੀ ਦੱਤਾ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਕੇ.ਸੀ. ਪਬਲਿਕ ਸਕੂਲ ’ਚ ਹਫਤਾ ’ਚ ਸਕੂਲ ਪ੍ਰਿੰਸੀਪਲ ਅਤੇ ਸੀ.ਈ.ਓ. (ਕੇ.ਸੀ. ਗਰੁੱਪ ਕੈਪਟਨ) ਅਸ਼ਵਨੀ ਦੱਤਾ ਦੀ ਦੇਖਰੇਖ ’ਚ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣ ਲਈ ਵਿਦਿਅਕ ਗਤੀਵਿਧੀਆਂ ਕਰਵਾਈਆਂ ਗਈ, ਜਿਸ ’ਚ ਹਿੱਸਾ ਲੈ ਕੇ ਬੱਚਿਆਂ ਨੇ ਸੁਣ ਕੇ, ਦੇਖ ਕੇ ਅਤੇ ਹਿੱਸਾ ਲੈ ਕੇ ਆਪਣੇ ਆਤਮ-ਵਿਸ਼ਵਾਸ ਨੂੰ ਵਧਾਇਆ ਹੈ। ਪ੍ਰਾਰਥਨਾ ਸਭਾ ਦੌਰਾਨ, ਵਿਦਿਆਰਥੀਆਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ, ਇਨ੍ਹਾਂ ਮਹਾਨ ਸ਼ਖਸੀਅਤਾਂ ਵਲੋਂ ਦਰਸਾਏ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਲਈ। ਪ੍ਰਾਰਥਨਾ ਸਭਾ ਦੌਰਾਨ, ਉਨ੍ਹਾਂ ਨੇ ਨਵਰਾਤਰੀ ਅਤੇ ਦੁਸਹਿਰਾ ਦੇ ਸੰਬੰਧ ’ਚ ਡਾਂਡੀਆ ਨਾਚ ਵੀ ਪੇਸ਼ ਕੀਤਾ। ਇਸ ਤੋਂ ਇਲਾਵਾ, ਪਹਿਲੀ ਅਤੇ ਦੂਜੀ ਕਲਾਸ ਦੇ ਵਿਦਿਆਰਥੀਆਂ ਨੇ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲੇ ਦੇਖਣ ਲਈ ਆਈ.ਟੀ.ਆਈ. ਦਾ ਵਿਦਿਅਕ ਦੌਰਾ ਕੀਤਾ ਅਤੇ ਮੇਲੇ ਦਾ ਆਨੰਦ ਮਾਣਿਆ। ਫਿਰ ਉਨ੍ਹਾਂ ਨੇ ਬਾਰਾਦਰੀ ਦਾ ਦੌਰਾ ਕੀਤਾ, ਜਿੱਥੇ ਮੈਡਮ ਅਨੂਪ ਰਾਣਾ ਨੇ ਇਸਦਾ ਇਤਿਹਾਸ ਦੱਸਿਆ। ਮਹਾਰਾਜਾ ਰਣਜੀਤ ਸਿੰਘ ਦੀ ਯਾਦ ’ਚ 1807 ਦੇ ਆਸਪਾਸ ਇਸਨੂੰ ਬਣਾਇਆ ਗਿਆ, ਬਾਰਾਂਦਰੀ ਇੱਕ ਪ੍ਰਸਿੱਧ ਆਕਰਸ਼ਣ ਦੀ ਜਗਾ ਸੀ। ਬੱਚਿਆਂ ਨੇ ਝੂਲਿਆਂ ਦਾ ਆਨੰਦ ਮਾਣਿਆ, ਪ੍ਰਾਚੀਨ ਰੁੱਖ ਦੇਖੇ ਅਤੇ ਮੂਰਤੀਆਂ ਨਾਲ ਫੋਟੋਆਂ ਖਿਚਵਾਈਆਂ। ਸੰਗੀਤ ਟੀਚਰ ਸਾਹਿਲ, ਸੁਨੈਨਾ, ਵਿਪਨ ਕੁਮਾਰ, ਸਹਾਇਕ ਜੋਤੀ, ਡਰਾਈਵਰ ਗੁਰਮੇਲ ਸਿੰਘ ਅਤੇ ਪ੍ਰੇਮ ਪਾਲ ਉਨ੍ਹਾਂ ਦੇ ਨਾਲ ਗਏ, ਵਾਪਸ ਆਉਣ ’ਤੇ, ਅਸ਼ਵਨੀ ਦੱਤਾ ਨੇ ਵਿਦਿਆਰਥੀਆਂ ਤੋਂ ਸਵਾਲ ਪੁੱਛੇ। ਦੱਤਾ ਨੇ ਦੱਸਿਆ ਕਿ ਅਜਿਹੇ ਵਿਜਿਟ ਬੱਚਿਆ ਨੂੰ ਕਲਾਸ ਦੀ ਗੱਲਾ ਨੂੰ ਅਸਲ ਦੁਨੀਆਂ ’ਚ ਦੇਖਣ ਅਤੇ ਅਨੁਭਵ ਕਰਨ ਦਾ ਮੌਕਾ ਦਿੰਦਾ ਹੈ, ਜੋ ਆਤਮ-ਵਿਸ਼ਵਾਸ ਵਧਾਉਂਦਾ ਹੈ, ਗਿਆਨ ਨੂੰ ਡੂੰਘਾ ਕਰਦਾ ਹੈ, ਸਮਾਜਿਕ ਹੁਨਰ ਵਿਕਸਿਤ ਕਰਦਾ ਹੈ, ਅਤੇ ਰਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਦਾ ਹੈ।



ਬਾਰਾਂਦਰੀ ਗਾਰਡਨ ਵਿਖੇ ਆਪਣੇ ਅਧਿਆਪਕਾਂ ਨਾਲ ਵਿਦਿਆਰਥੀ।

# ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਨੇ ਵਧੀਕ ਡਿਪਟੀ ਕਮਿਸ਼ਨਰ ਦਾ ਫ਼ਰੀਦਕੋਟ ਅਹੁਦਾ ਸੰਭਾਲਣ ਤੇ ਕੀਤਾ ਸਵਾਗਤ

**ਫ਼ਰੀਦਕੋਟ (ਸਮਾਜ ਵੀਕਲੀ)** ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ (ਰਜਿ) ਫ਼ਰੀਦਕੋਟ ਦੇ ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਦੀ ਯੋਗ ਅਗਵਾਈ ਹੇਠ ਗੁਰਦਾਸਪੁਰ ਤੋ ਬਦਲਕੇ ਫ਼ਰੀਦਕੋਟ ਦਫਤਰ ਪਹੁੰਚੇ ਸ੍ਰੀ ਗੁਰਪ੍ਰੀਤ ਸਿੰਘ ਗਿੱਲ ਜੀ ਨੇ ਆਪਣਾ ਅਹੁਦਾ ਸੰਭਾਲਿਆ ਇਸ ਸਮੇਂ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਅਹੁਦੇਦਾਰਾਂ ਵੱਲੋਂ ਓਨਾਂ ਦਾ ਸਵਾਗਤ ਕੀਤਾ ਗਿਆਂ । ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਤੇ ਓਨਾਂ ਸਾਥੀਆਂ ਵੱਲੋ ਫੁੱਲਾਂ ਦਾ ਗੁਲਦਸਤਾ ਦੇ ਕੇ "ਜੀ ਆਇਆਂ ਨੂੰ" ਕਿਹਾ ਗਿਆਂ।



ਜ਼ਿਲਾ ਪ੍ਰਧਾਨ ਵੱਲੋ ਵਧੀਕ ਡਿਪਟੀ ਕਮਿਸ਼ਨਰ ਸਾਹਿਬ ਨਾਲ ਨਰੇਗਾ ਦੇ ਕੰਮਾਂ ਤੇ ਗੱਲਬਾਤ ਵੀ ਕੀਤੀ ਗਈ। ਇਸ ਸਮੇ ਓਨਾਂ ਨਾਲ ਦੀ ਫੋਰਥ ਕਲਾਸ ਯੂਨੀਅਨ ਫ਼ਰੀਦਕੋਟ ਦੇ ਜਰਨਲ ਸਕੱਤਰ ਬਲਕਾਰ ਸਿੰਘ ਸਹੋਤਾ ਤੇ ਉਘੇ ਪੱਤਰਕਾਰ ਤੇ ਸਾਹਿਤਕਾਰ ਸ਼ਿਵਨਾਥ ਦਰਦੀ ਫ਼ਰੀਦਕੋਟ ਹਾਜ਼ਰ ਸਨ ।

# ਸਰਕਾਰੀ ਕਾਲਜ ਕਪੂਰਥਲਾ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ ਦਾ ਆਯੋਜਨ

**ਕਪੂਰਥਲਾ,(ਕੌੜਾ)–** ਨਵਾਬ ਜੱਸਾ ਸਿੰਘ ਆਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਵੱਲੋਂ ਪ੍ਰਿੰਸੀਪਲ ਸਕਿੰਦਰ ਕੌਰ ਦੀ ਰਹਿਨੁਮਾਈ ਅਤੇ ਵਾਈਸ ਪ੍ਰਿੰਸੀਪਲ ਡਾਕਟਰ ਜਸਮੀਤ ਸੇਠੀ ਦੀ ਯੋਗ ਅਗਵਾਈ ਹੇਠ ਇਤਿਹਾਸ ਵਿਭਾਗ ਅਤੇ 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਦੇ ਯਤਨਾ ਸਦਕਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਬੁਲਾਰੇ ਵਜੋਂ ਹਿੰਦੂ ਕੰਨਿਆ ਕਾਲਜ ਕਪੂਰਥਲਾ ਤੋਂ ਪ੍ਰੋਫੈਸਰ ਸੀਮਾ ਰਾਣੀ ਸਹਾਇਕ ਪ੍ਰੋਫੈਸਰ ਇਤਿਹਾਸ ਵਿਭਾਗ ਨੇ ਸ਼ਿਰਕਤ ਕੀਤੀ ਪ੍ਰੋਗਰਾਮ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਰਚਿਤ ਸ਼ਬਦ ਦੇ ਗਾਇਨ ਨਾਲ ਕੀਤੀ । ਇਸ ਉਪਰੰਤ ਬੀ ਏ ਭਾਗ ਤੀਜਾ ਦੀ ਵਿਦਿਆਰਥਨ ਨਵਨੀਤ ਕੌਰ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਕਵਿਤਾ ਦੀ ਪੇਸ਼ਕਾਰੀ ਕੀਤੀ । ਪ੍ਰੋਫੈਸਰ ਸੀਮਾ ਰਾਣੀ ਨੇ ਲੈਕਚਰ ਦੀ ਸ਼ੁਰੂਆਤ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਗੁਰੂ ਗੱਦੀ ਪ੍ਰਾਪਤ ਕਰਨ ਉਹਨਾਂ ਦੀ ਬਾਣੀ ਅਤੇ ਸ਼ਹਾਦਤ ਦੀਆਂ





ਘਟਨਾਵਾਂ ਨੂੰ ਵਿਸਥਾਰ ਨਾਲ ਬਿਆਨ ਕੀਤਾ । ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਨਾ ਸਿਰਫ ਸਿੱਖ ਧਰਮ ਸਗੋਂ ਸਮੁੱਚੀ ਮਾਨਵਤਾ ਲਈ ਸ਼ਹਾਦਤ ਦਿੱਤੀ। ਉਹਨਾਂ ਦੀ ਸ਼ਹਾਦਤ ਧਾਰਮਿਕ ਆਜ਼ਾਦੀ ਨੈਤਿਕਤਾ ਅਤੇ ਦਰਸ਼ਾ ਦੀ ਰਾਖੀ ਦੀ ਪ੍ਰਤੀਕ ਹੈ। ਇਸ ਉਪਰੰਤ ਉਨਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਹਵਾਲੇ ਨਾਲ ਮਨੁੱਖੀ ਜੀਵਨ ਵਿੱਚ ਨਾਮ ਸਿਮਰਨ ਦੀ ਮਹੱਤਤਾ ਬਾਰੇ ਚਰਚਾ ਕੀਤੀ ਉਹਨਾਂ ਨੇ ਅਜਾਮਲ ਅਤੇ ਗੱਜ ਗ੍ਰਾਹ ਦੀ ਕਹਾਣੀ ਦੇ ਹਵਾਲੇ ਨਾਲ ਵਿਦਿਆਰਥੀਆਂ ਸਾਹਮਣੇ ਬਹੁਤ ਰੋਚਕ ਢੰਗ ਨਾਲ ਪਰਮਾਤਮਾ ਦੀ ਬੰਦਗੀ ਕਰਨ ਦੀ ਮਹਤਾ ਨੂੰ ਉਭਾਰਿਆ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋਫੈਸਰ ਮਲਿਕਾ ਮੰਡ ਦੁਆਰਾ ਨਿਭਾਈ ਗਈ। ਪ੍ਰੋਗਰਾਮ ਦੇ ਅੰਤ ਵਿੱਚ ਡਾਕਟਰ ਅੰਮ੍ਰਿਤ ਕੌਰ ਨੇ ਮੁੱਖ ਬੁਲਾਰੇ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਰਸਮੀ ਧੰਨਵਾਦ ਕੀਤਾ। ਇਸ ਮੌਕੇ ਪ੍ਰੋਫੈਸਰ ਹੈਪੀ ਕੁਮਾਰ, ਪ੍ਰੋਫੈਸਰ ਰਸ਼ਮੀ ਵਿਰਕ , ਪ੍ਰੋਫੈਸਰ ਜਸਪ੍ਰੀਤ ਕੌਰ, ਪ੍ਰੋਫੈਸਰ ਕੁਲਵਿੰਦਰ ਕੁਮਾਰ, ਪ੍ਰੋਫੈਸਰ ਵਿਪਨ ਕੁਮਾਰ ਅਤੇ ਡਾਕਟਰ ਜਗਜੀਤ ਸਿੰਘ ਵੀ ਹਾਜ਼ਰ ਸਨ।

# ਲੋਕ ਹਿੱਤਾਂ ਲਈ ਲੜਨ ਵਾਲੇ ਲੋਕਾਂ ਦੀ ਹਮੇਸ਼ਾ ਜਿੱਤ ਹੁੰਦੀ ਹੈ- ਸੰਦੀਪ ਅਰੋੜਾ

**ਮਹਿਤਪੁਰ ( ਪੱਤਰ ਪ੍ਰੇਰਕ) –** ਪ੍ਰੈਸ ਬਿਆਨ ਜਾਰੀ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਸੰਦੀਪ ਅਰੋੜਾ ਨੇ ਮਾਣਯੋਗ ਅਦਾਲਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰਜਿੰਦਰ ਸਿੰਘ,ਹਰਪ੍ਰੀਤ ਸੋਢੀ , ਮਜਦੂਰ ਆਗੂ ਸੁਨੀਲ ਕੁਮਾਰ ਤੇ ਚਰਨਜੀਤ ਥੰਮੂਵਾਲ ਨੂੰ ਮਾਣਯੋਗ ਜੱਜ ਸਾਹਿਬ ਮਹਿਮਾ ਭੁੱਲਰ ਦੀ ਕੋਰਟ ਨੇ 6 ਸਾਲ ਪੁਰਾਣੇ ਮੁਕੱਦਮੇ 190/19 ਵਿਚੋਂ ਜੋ ਕਿ ਉਸ ਸਮੇਂ ਦੇ ਐਸ ਐਚ ਓ ਵੱਲੋਂ ਮਨਘੜਤ ਝੂਠੀ ਕਹਾਣੀ ਬਣਾ ਕੇ ਅਤੇ ਪਾਸ ਹੋਣ ਦੇ ਬਾਵਜੂਦ,ਕਰੋਨਾ ਦਾ ਬਹਾਨਾ ਬਣਾ ਆਹੁਦੇ ਦੀ ਦੁਰਵਰਤੋਂ ਕਰਦਿਆਂ ਗਲਤ ਤੇ ਝੂਠੀਆਂ ਧਰਾਵਾਂ ਲਾ ਕੇ ਜੇਲ੍ਹ ਭੇਜ ਕੇ ਅਤੇ ਝੂਠੀਆਂ ਖਬਰਾਂ ਲਵਾ ਕੇ ਵਾਹ – ਵਾਹ ਖੱਟੀ ਸੀ ਉਸ ਵਿੱਚੋਂ ਆਗੂਆਂ ਨੂੰ ਬਰੀ ਕਰ ਦਿੱਤਾ ਹੈ ਉਨ੍ਹਾਂ ਕਿਹਾ ਕਿ ਜੋ ਲੋਕ , ਲੋਕ ਹਿੱਤਾ ਲਈ ਲੜਦੇ ਹਨ ਜਿੱਤ ਹਮੇਸ਼ਾ ਉਹਨਾਂ ਦੀ ਹੁੰਦੀ ਹੈ। ਹਾਕਮ ਸਰਕਾਰਾਂ, ਪੁਲਿਸ ਪ੍ਰਸ਼ਾਸਨ ਤੇ ਕੁੱਝ ਟਾਊਟ ਕਿਸਮ ਦੇ ਲੋਕਾਂ ਨੂੰ ਲੱਗਦਾ ਹੈ ਕਿ ਸ਼ਾਇਦ ਕਿਸਾਨਾਂ ਮਜਦੂਰਾਂ ਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬਣਨ ਵਾਲੇ ਆਗੂਆਂ ਤੇ ਝੂਠੇ ਪਰਚੇ ਦਰਜ ਕਰਕੇ ਡੰਡੇ ਦੇ ਜੋਰ ਨਾਲ ਜੇਲਾਂ ਵਿੱਚ ਡੱਕ ਕੇ ਦਬਾਅ ਲਿਆ ਜਾਵੇਗਾ। ਪਰ ਇਤਹਾਸ ਗਵਾਹ ਹੈ। ਝੂਠ ਹਮੇਸ਼ਾ ਹਾਰਿਆ ਅਤੇ ਸੱਚ ਜਿੱਤਿਆ ਹੈ।ਉਹਨਾਂ ਕਿਹਾ ਕਿ ਹਵਾਵਾਂ ਕਦੇ ਪਿਜਰਿਆ ਵਿੱਚ ਨਹੀਂ ਰਹਿੰਦੀਆ ਉਹ ਲੋਕਾਂ ਲਈ ਚਾਨਣ ਦਾ ਸੁਨੇਹਾ ਲੈਕੇ ਝੂਲਦੀਆਂ ਰਹਿੰਦੀਆਂ ਹਨ।



ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੰਦੀਪ ਅਰੋੜਾ।

# ਰਜਾਪੁਰ ਸਕੂਲ ਵਿਖੇ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇੱਕ ਰੋਜ਼ਾ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ

**ਕਪੂਰਥਲਾ, (ਕੌੜਾ)–** ਸਿੱਖਿਆ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਨਵਗਠਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਨੂੰ ਟ੍ਰੇਨਿੰਗ ਦੇਣ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਰਜ਼ਾਪੁਰ ਬਲਾਕ ਕਪੂਰਥਲਾ -1 ਵਿਖੇ ਇੱਕ ਰੋਜਾ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਕਲਸਟਰ ਦੇ ਵੱਖ-ਵੱਖ ਸਕੂਲਾਂ ਦੇ ਐਸ ਐਮ ਸੀ ਚੇਅਰਮੈਨ ਮੈਂਬਰ ਅਤੇ ਸਿੱਖਿਆ ਸ਼ਾਸਤਰੀਆਂ ਵੱਲੋਂ ਭਾਗ ਲਿਆ ਗਿਆ। ਇਸ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਸਮੱਰਥ ਨੇ ਕਿਹਾ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਵੀ ਵੱਡਮੁੱਲਾ ਯੋਗਦਾਨ ਹੈ। ਉਹਨਾਂ ਐਸ ਐਮ ਸੀ ਚੇਅਰਮੈਨ ਅਤੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਕੂਲ ਦੀ ਤਰੱਕੀ ਸਭ ਦੀ ਜਿੰਮੇਵਾਰੀ ਤਹਿਤ ਸਕੂਲਾਂ ਦੇ ਬਣਾਏ ਦੇ ਵਿਕਾਸ ਲਈ ਅਧਿਆਪਕਾਂ ਦਾ ਸਹਿਯੋਗ ਦੇਣ ਸਕੂਲਾਂ ਅੰਦਰ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਹਾਜ਼ਰੀ ਯਕੀਨੀ ਬਣਾਉਣ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਕਿ ਮੁਫਤ ਕਿਤਾਬਾਂ, ਮੁਫਤ ਵਰਦੀਆਂ, ਦੁਪਹਿਰ ਦਾ ਖਾਣਾ ਤੇ ਹੋਰ ਸਹੂਲਤਾਂ ਦਾ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਲਾਭ ਪਹੁੰਚ ਸਕੇ। ਰਿਸੋਰਸ ਪਰਸਨ ਦੇ ਤੌਰ ਤੇ ਡਾ ਪਰਮਜੀਤ ਕੌਰ ਬੀ ਆਰ ਸੀ ਕਪੂਰਥਲਾ -1 , ਰਚਨਾਪੁਰੀ ਵੱਲੋਂ ਬਹੁਤ ਹੀ ਸਚੁੱਜੇ ਢੰਗ ਨਾਲ ਡਿਜੀਟਲ ਤਕਨੀਕ ਦੀ ਵਰਤੋਂ ਕਰਦਿਆ ਟ੍ਰੇਨਿੰਗ ਸੈਸ਼ਨ ਨੂੰ ਬਹੁਤ ਰੋਚਕ ਬਣਾਈ ਰੱਖਿਆ ਗਿਆ। ਇਸ ਮੌਕੇ ਦੋ ਫੇਜਾਂ ਵਿੱਚ ਹੋਈ ਟ੍ਰੇਨਿੰਗ ਵਰਕਸ਼ਾਪ ਦੌਰਾਨ ਹਾਜ਼ਰ ਮੈਂਬਰਾਂ ਨੂੰ ਚਾਹ ਪਾਣੀ ਦੇ ਨਾਲ ਨਾਲ ਰਿਫਰੈਸ਼ਮੈਂਟ ਵੀ ਮੁਹੱਈਆ ਕਰਵਾਈ ਗਈ । ਇਸ ਮੌਕੇ ਤੇ ਸ ਕੁਲਵਿੰਦਰ ਸਿੰਘ ਚਾਹਲ, ਬੂਟਾ ਸਿੰਘ ਗੋਸਲ, ਗੁਰਭੇਜ ਸਿੰਘ ਔਲਖ ਆਦਿ ਅਧਿਆਪਕ ਤੇ ਐੱਸ ਐੱਮ ਸੀ ਕਮੇਟੀਆਂ ਦੇ ਮੈਂਬਰ ਹਾਜ਼ਰ ਸਨ।





# ਬੈਂਕਾਂ ਅਤੇ ਪੈਟਰੋਲ ਪੰਪਾਂ ‘ਤੇ ਸੀ.ਸੀ.ਟੀ.ਵੀ. ਕੈਮਰੇ ਲਾਏ ਜਾਣ : ਜ਼ਿਲਾ ਮੈਜਿਸਟ੍ਰੇਟ

## ਜਨਤਕ ਥਾਵਾਂ ‘ਤੇ ਹਥਿਆਰ ਲੈ ਕੇ ਚੱਲਣ ‘ਤੇ ਪਾਬੰਦੀ ਦੇ ਹੁਕਮ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਤਹਿਤ ਹੁਕਮ ਜਾਰੀ ਕਰਦਿਆਂ ਜ਼ਿਲੇ ਵਿਚ ਸਥਿਤ ਸਾਰੀਆਂ ਬੈਂਕਾਂ ਅਤੇ ਪੈਟਰੋਲ ਪੰਪਾਂ ‘ਤੇ ਸੀ.ਸੀ.ਟੀ.ਵੀ. ਕੈਮਰੇ ਲਗਵਾਉਣ ਦੇ ਨਿਰਦੇਸ਼ ਦਿੱਤੇ ਹਨ। ਜ਼ਿਲਾ ਮੈਜਿਸਟਰੇਟ ਅੰਕੁਰਜੀਤ ਸਿੰਘ ਨੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦੀਆਂ ਸਮੂਹ ਬੈਂਕਾਂ ਦੇ ਮੈਨੇਜਰਾਂ ਅਤੇ ਪੈਟਰੋਲ ਪੰਪਾਂ ਦੇ ਮਾਲਕਾਂ ਨੂੰ ਸੀ ਸੀ ਟੀ ਵੀ ਕੈਮਰੇ ਲਗਵਾਉਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਮਰਿਆਂ ਵਿਚ ਘੱਟੋ-ਘੱਟ 07 ਦਿਨ ਦੀ ਰਿਕਾਰਡਿੰਗ ਦੀ ਸਮਰੱਥਾ ਹੋਵੇ। ਉਨ੍ਹਾਂ ਕਿਹਾ ਕਿ ਇਹ ਹੁਕਮ ਲੁੱਟਮਾਰ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਅਤੇ ਲੋਕਾਂ ਦੀ ਜਾਨ-ਮਾਲ ਨੂੰ ਸੁਰੱਖਿਅਤ ਰੱਖਣ ਦੇ ਮੱਦੇਨਜ਼ਰ ਜਾਰੀ ਕੀਤੇ ਗਏ ਹਨ।ੳ ਇਸੇ ਤਰ੍ਹਾਂ ਇੱਕ ਵੱਖਰੇ ਹੁਕਮ ਵਿਚ



ਜ਼ਿਲਾ ਮੈਜਿਸਟ੍ਰੇਟ ਨੇ ਜਨਤਕ ਥਾਵਾਂ ‘ਤੇ ਹਥਿਆਰ ਲੈ ਕੇ ਚੱਲਣ ‘ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ ਜ਼ਿਲੇ ਵਿਚ ਕਿਸੇ ਵੀ ਤਰ੍ਹਾਂ ਦੇ ਮੈਰਿਜ ਪੈਲੇਸ /ਰਿਜੋਰਟ, ਮੇਲੇ, ਧਾਰਮਿਕ ਸਥਾਨਾਂ, ਜਲੂਸ, ਬਾਰਾਤ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮ/ਜਨਤਕ ਇਕੱਠਾਂ ਅਤੇ ਵਿੱਦਿਅਕ ਅਦਾਰਿਆਂ ਵਿਚ ਅਸਲਾ /ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ‘ਤੇ ਪੂਰਨ ਪਾਬੰਦੀ ਲਾਈ ਗਈ ਹੈ। ਇਹ ਪਾਬੰਦੀ ਜਨਤਕ ਸਥਾਨਾਂ ਦੇ ਨਾਲ-ਨਾਲ ਸੋਸ਼ਨ ਮੀਡੀਆ ‘ਤੇ ਵੀ ਲਾਗੂ ਹੋਵੇਗੀ। ਇਸ ਤੋਂ ਇਲਾਵਾ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ ‘ਤੇ ਵੀ ਪੂਰਨ ਪਾਬੰਦੀ ਰਹੇਗੀ। ਇਹ ਹੁਕਮ 30-11-2025 ਤੱਕ ਲਾਗੂ ਰਹਿਣਗੇ।

# ਹਿਮਾਚਲ ਤੋਂ ਨਿਕਲੀ ਭਗਵਾਨ ਵਾਲਮੀਕਿ ਜੀ ਦੀ ਯਾਤਰਾ ਦਾ ਹੁਸ਼ਿਆਰਪੁਰ 'ਚ ਸ਼ਾਨਦਾਰ ਸਵਾਗਤ

## ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਲਈ ਕੀਤਾ ਰਵਾਨਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਮਨਾਲੀ, ਚੰਬਾ, ਮੰਡੀ, ਬੈਜਨਾਥ, ਚਾਮੁੰਡਾ ਦੇਵੀ, ਜਵਾਲਾ ਜੀ ਅਤੇ ਸ਼ਿਮਲਾ ਤੋਂ ਭਾਵਾਧਸ ਦੇ ਪ੍ਰਧਾਨ ਲੱਕੀ ਤੇਜੀ ਅਤੇ ਵਿੱਕੀ ਧਰਮਸ਼ਾਲਾ ਦੀ ਅਗਵਾਈ ਵਿਚ ਕੱਢੀ ਭਗਵਾਨ ਵਾਲਮੀਕਿ ਜੀ ਦੀ ਵਿਸ਼ਾਲ ਯਾਤਰਾ ਹੁਸ਼ਿਆਰਪੁਰ ਪਹੁੰਚੀ। ਇਸ ਮੌਕੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਭਗਵਾਨ ਵਾਲਮੀਕਿ ਤੀਰਥ ਅੰਮ੍ਰਿਤਸਰ ਲਈ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਹਿਮਾਚਲ ਪ੍ਰਦੇਸ਼ ਤੋਂ ਆਏ ਸੰਤਾਂ ਅਤੇ ਅਹੁਦੇਦਾਰਾਂ ਨੂੰ ਸਰੋਪੇ ਭੇਂਟ ਕਰਕੇ ਸਨਮਾਨਿਤ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਭਾਵਾਧਸ ਦਾ ਸਮਾਜਿਕ ਯੋਗਦਾਨ ਮਿਸਾਲੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਾਲਮੀਕਿ ਭਾਈਚਾਰੇ ਦੀ ਧਾਰਮਿਕ ਆਸਥਾ, ਏਕਤਾ ਅਤੇ ਸੰਗਠਨਾਤਮਕ ਤਾਕਤ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਨਾ ਸਿਰਫ਼ ਨੌਜਵਾਨਾਂ ਵਿੱਚ ਸੱਭਿਆਚਾਰਕ ਅਤੇ ਅਧਿਆਤਮਿਕ ਚੇਤਨਾ ਜਗਾਉਂਦੇ ਹਨ, ਸਗੋਂ ਸਮਾਜ ਨੂੰ ਆਪਸੀ ਭਾਈਚਾਰੇ ਅਤੇ ਏਕਤਾ ਦੇ ਧਾਗੇ ਵਿੱਚ ਵੀ ਬੰਨ੍ਹਦੇ ਹਨ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਦਾ ਮਾਰਗਦਰਸ਼ਨ ਕਰਦੀਆਂ ਹਨ ਅਤੇ ਸਾਨੂੰ ਉਨ੍ਹਾਂ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਸਮਾਨਤਾ ਅਤੇ ਨਿਆਂ 'ਤੇ ਅਧਾਰਤ ਸਮਾਜ ਦੀ ਸਥਾਪਨਾ ਕਰਨੀ ਚਾਹੀਦੀ ਹੈ। ਪ੍ਰੋਗਰਾਮ ਦੇ ਤਹਿਤ ਕਮਿਊਨਿਟੀ ਹਾਲ ਵਿੱਚ ਆਯੋਜਿਤ ਸਤਿਸੰਗ ਵਿੱਚ ਸ਼ਰਧਾਲੂਆਂ ਨੇ ਭਜਨਾਂ ਦਾ ਆਨੰਦ ਲਿਆ ਅਤੇ ਨਿਤਨੇਮ ਦਾ ਪਾਠ ਕੀਤਾ।

# ਡਾ.ਹਰਿੰਦਰ ਕੁਮਾਰ ਸਰਮਾਂ ਨੇ ਬਤੌਰ ਸਿਵਲ ਸਰਜਨ ਮਾਨਸਾ ਦਾ ਅਹੁਦਾ ਸੰਭਾਲਿਆ



**ਮਾਨਸਾ ( ਚਾਨਣਦੀਪ ਸਿੰਘ ਔਲਖ )** ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਡਾ.ਹਰਿੰਦਰ ਕੁਮਾਰ ਸਰਮਾਂ ਨੇ ਅੱਜ ਬਤੌਰ ਸਿਵਲ ਸਰਜਨ ਮਾਨਸਾ ਦਾ ਅਹੁਦਾ ਸੰਭਾਲਿਆ ਲ ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਡਾ.ਹਰਿੰਦਰ ਕੁਮਾਰ ਸ਼ਰਮਾਂ ਮੁੱਖ ਕੈਮੀਕਲ ਐਗਜਾਮੀਨਰ ਖਰੜ ਵਿਖੇ ਸੇਵਾ ਨਿਭਾ ਰਹੇ ਸਨ ਅਤੇ ਸਾਲ 2022-23 ਦੌਰਾਨ ਇਸ ਜਿਲ੍ਹੇ ਵਿੱਚ ਬਤੌਰ ਸਿਵਲ ਸਰਜਨ ਵੀ ਸੇਵਾ ਨਿਭਾ ਚੁੱਕੇ ਹਨ ਲ ਇਸ ਸਮੇਂ ਉਨਾਂ ਵੱਲੋਂ ਜ਼ਿਲ੍ਹੇ ਦੇ ਪ੍ਰੋਗਰਾਮ ਅਫਸਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਇਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਾਡਾ ਮੁੱਢਲਾ ਫਰਜ਼ ਹੈ, ਨਾਲ ਹੀ ਉਨ੍ਹਾਂ ਵੱਲੋਂ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ, ਇਮਾਨਦਾਰੀ ਅਤੇ ਸਮੇਂ ਸਿਰ ਨਿਭਾਉਣ ਦੀ ਹਦਾਇਤ ਕੀਤੀ ਗਈਲ ਉਨ੍ਹਾਂ ਨੇ ਕਿਹਾ ਕਿ ਸਿਹਤ ਵਿਭਾਗ ਮਾਨਸਾ ਵਿਖੇ ਕਿਸੇ ਕਿਸਮ ਦਾ ਭ੍ਰਿਸ਼ਟਾਚਾਰ ਅਤੇ ਕੰਮ ਦੀ ਲੇਟ ਲਤੀਫੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਡਾ.ਰਣਜੀਤ ਸਿੰਘ ਰਾਏ ਜਿਲ੍ਹਾ ਸਿਹਤ ਅਫਸਰ,ਡਾ. ਬਲਜੀਤ ਕੌਰ ਜ਼ਿਲ੍ਹਾ ਟੀਕਾਕਰਨ ਅਫ਼ਸਰ ,ਡਾ. ਉਮੇਸ਼ ਐਸ.ਐਮ.ਓ. ਭੀਖੀ, ਸ਼ਿਖਾਂ ਸਿੰਗਲਾ ਏ. ਸੀ. ਐਫ. ਏ.,ਵਿਜੇ ਕੁਮਾਰ ਜ਼ਿਲ੍ਹਾ ਮਾਸ ਮੀਡੀਆ ਅਤੇ ਸੂਚਨਾ ਅਫਸਰ ,ਸੁਪਰਡੈਂਟ ਸੰਦੀਪ ਸਿੰਘ, ਪ੍ਰਤਾਪ ਸਿੰਘ, ਤਿਰਲੋਚਨ ਸਿੰਘ, ਦਰਸ਼ਨ ਸਿੰਘ, ਤ੍ਰਿਲੋਕ ਸਿੰਘ ਡਿਪਟੀ ਮਾਸ ਮੀਡੀਆ ਅਤੇ ਸੂਚਨਾ ਅਫਸਰ,ਸੰਤੋਸ਼ ਭਾਰਤੀ ਜ਼ਿਲ੍ਹਾ ਐਪੀਡੀਮੋਲੋਜਿਸਟ ਅਤੇ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

# ਸੀਟੂ ਦੀ ਅਗਵਾਈ ਹੇਠ ਪ੍ਰਵਾਸੀ ਮਜ਼ਦੂਰਾਂ ਨੇ ਸ਼ਹਿਰ ਵਿੱਚ ਅਮਨ ਮਾਰਚ ਕੱਢਿਆ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਅੰਦਰ ਪ੍ਰਵਾਸੀਆਂ ਖਿਲਾਫ ਕੁੱਝ ਵੰਡਵਾਦੀ, ਫਿਰਕੂ, ਭਾਈਚਾਰਕ ਏਕਤਾ ਨੂੰ ਤੋੜਨ ਵਾਲੇ ਤੱਤਾਂ ਵਲੋਂ ਅਰੰਭੀ ਮੁਹਿੰਮ ਵਿਰੁੱਧ ਸੀ ਆਈ ਟੀ ਯੂ ਸੀਟੂ ਦੀ ਅਗਵਾਈ ਹੇਠ ਬਲਾਚੌਰ ਸ਼ਹਿਰ ਵਿੱਚ ਅਮਨ ਮਾਰਚ ਕੱਢਿਆ। ਇਸ ਅਮਨ ਮਾਰਚ ਦੀ ਅਗਵਾਈ ਸੀਟੂ ਦੇ ਸੂਬਾਈ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਕਿਸਾਨ ਆਗੂ ਚਰਨਜੀਤ ਸਿੰਘ ਦੌਲਤ ਪੁਰ,ਸੀਪੀਆਈ (ਐਮ )ਆਗੂ ਪ੍ਰੇਮ ਰੱਕੜ, ਕਿਸਾਨ ਆਗੂ ਜਰਨੈਲ ਸਿੰਘ ਰਾਣੇਵਾਲ ਭਗਤ ਸਿੰਘ ਕੌਲਗੜ੍ਹ, ਹੁਸਨ ਚੰਦ ਮਝੋਟ ਨੇ ਸਾਂਝੇ ਤੌਰ ਤੇ ਕੀਤੀ। ਅਮਨ ਮਾਰਚ ਸੀਪੀਆਈ (ਐਮ )ਦਫਤਰ ਚੰਡੀਗੜ ਰੋਡ ਤੋਂ ਅਰੰਭ ਹੋਕੇ ਐਸ ਡੀ ਐਮ ਕੋਰਟਸ ਤੱਕ ਗਿਆ।ਇਸ ਅਮਨ ਮਾਰਚ ਵਿੱਚ ਵੱਡੀ ਗਿਣਤੀ ਵਿੱਚ ਮਜ਼ਦੂਰ ਕਿਸਾਨ ਸ਼ਾਮਲ ਸਨ। ਮਜ਼ਦੂਰ ਅਕਾਸ਼ ਗੁੰਜਾਊ ਨਾਹਰੇ ਲਾ ਰਹੇ ਸਨ, ਪ੍ਰਵਾਸੀਆਂ ਅਤੇ ਪੰਜਾਬੀਆਂ ਦੀ ਏਕਤਾ ਜਿੰਦਾਬਾਦ, ਮਜ਼ਦੂਰ ਏਕਤਾ ਜਿੰਦਾਬਾਦ, ਕਿਸਾਨ ਮਜ਼ਦੂਰ ਏਕਤਾ ਜਿੰਦਾਬਾਦ,ਸੀ ਆਈ ਟੀ ਯੂ ਸੀਟੂ ਜਿੰਦਾਬਾਦ। ਮਜ਼ਦੂਰਾਂ ਨੇ ਹੱਥਾਂ ਵਿੱਚ ਸੀਟੂ ਅਤੇ ਸੀਪੀਆਈ (ਐਮ) ਦੇ ਲਾਲ ਝੰਡੇ ਫੜੇ ਹੋਏ ਸਨ।ਐਸ ਡੀ ਐਮ ਕੋਰਟਸ ਸਾਹਮਣੇ ਇੱਕਠ ਨੂੰ ਸੰਬੋਧਨ ਕਰਦਿਆਂ ਸਾਥੀ



ਮਹਾਂ ਸਿੰਘ ਰੌੜੀ ਨੇ ਕਿਹਾ ਕਿ ਪੰਜਾਬ ਅੰਦਰ ਪ੍ਰਵਾਸੀਆਂ ਵਿਰੁੱਧ ਮੁਹਿੰਮ ਤਹਿਤ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਜਿਹੜੀਆਂ ਪੰਜਾਬ ਅਤੇ ਦੇਸ਼ ਲਈ ਮੰਦਭਾਗੀਆਂ ਹਨ। ਇੱਕਾ ਦੁੱਕਾ ਘਟਨਾਵਾਂ ਵਾਪਰਨ ਨਾਲ ਸਾਰੇ ਸਮਾਜ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਹੁਸ਼ਿਆਰਪੁਰ ਦੀ ਘਟਨਾ ਬੜੀ ਮੰਦਭਾਗੀ ਘਟਨਾ ਹੈ। ਛੋਟੇ ਬੱਚੇ ਨੂੰ ਜਿਸ ਦਰਿੰਦਗੀ ਨਾਲ ਕਤਲ ਕੀਤਾ ਗਿਆ ਹੈ,ਉਸ ਦੁਰਿੰਦੇ ਨੂੰ ਮੌਤ ਦੀ ਸਜ਼ਾ ਮਿਲਣੀ ਚਾਹੀਦੀ ਹੈ। ਸਾਥੀ ਰੌੜੀ ਨੇ ਕਿਹਾ ਕਿ ਪ੍ਰਵਾਸੀ ਮਜ਼ਦੂਰਾਂ ਦਾ ਪੰਜਾਬ ਦੀ ਆਰਥਿਕਤਾ ਵਿੱਚ ਬਹੁਤ ਯੋਗਦਾਨ ਹੈ। ਪੰਜਾਬੀਆਂ ਅਤੇ ਪ੍ਰਵਾਸੀਆਂ ਦੀ ਏਕਤਾ ਨੂੰ ਸੂਬੇ ਵਿਚ ਹੋਰ ਮਜ਼ਬੂਤ ਕਰਨ ਦੇ ਯਤਨ ਜਾਰੀ ਰਹਿਣੇ ਚਾਹੀਦੇ ਹਨ। ਸੀਪੀਆਈ ਐਮ ਆਗੂ ਪ੍ਰੇਮ ਰੱਕੜ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ,ਹੈਅਸੀਂ ਐਮ ਉਨ੍ਹਾਂ ਦੇ ਪੈਰੋਕਾਰ ਹਾਂ ਜਿਹਨਾਂ,ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ,ਅੰਬਲ ਅੱਲਾ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ, ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋਨ ਮੰਦੇ। ਫਿਰ ਮਨੁੱਖਤਾ ਨਾਲ ਨਫ਼ਰਤ ਕਿਉਂ? ਸਾਥੀ ਰੱਕੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਰਾਜ ਅੰਦਰ ਭਾਈਚਾਰਕ ਏਕਤਾ ਕਾਇਮ ਰੱਖਣ। ਅੱਜ ਦੇ ਇਸ ਇਕੱਠ ਨੂੰ ਸੀਟੂ ਦੇ ਜ਼ਿਲ੍ਹਾ ਸਕੱਤਰ ਸਾਥੀ ਜਸਵੰਤ ਸਿੰਘ ਸੈਣੀ,ਕਿਸਾਨ ਆਗੂ ਚੌਧਰੀ ਸੋਮਨਾਥ,ਖੇਤ ਮਜ਼ਦੂਰ ਯੂਨੀਅਨ ਆਗੂ ਸਾਥੀ ਸੋਹਣ ਸਿੰਘ ਫ਼ੌਜੀ, ਕਿਸਾਨ ਆਗੂ ਸਾਥੀ ਹੁਸਨ ਛੰਦ ਗਫ ਮਝੋਟ, ਪ੍ਰਵਾਸੀ ਮਜ਼ਦੂਰ ਆਗੂ ਸਾਥੀ ਨਨੇ ਖਾਨ, ਸੁਰੇਸ਼, ਰਾਮੂ,ਸਰਬਨ ਦਾਸ,ਸੁਰੇਸ਼, ਮੁਹੰਮਦ ਅਕਤਰ, ਬ੍ਰਜੇਸ਼, ਰੋਹਿਤ, ਸੁਰਜੀਤ ਆਦਿ ਨੇ ਸੰਬੋਧਨ ਕੀਤਾ।ਅੰਤ ਵਿਚ ਪ੍ਰਵਾਸੀਆਂ ਦੀ ਰਾਖੀ ਲਈ ਸੀਟੂ ਨੇ ਐਸ ਡੀ ਐਮ ਬਲਾਚੌਰ ਨੂੰ ਮੰਗ ਪੱਤਰ ਦਿੱਤਾ।

**ਪ੍ਰੇਮ ਰੱਕੜ 9465105372**

# ਬਸਪਾ ਦੇ ਸੀਨੀਅਰ ਐਨ ਆਰ ਆਈ ਅਮਰਜੀਤ ਬੋਧ ਯੂ ਏ ਆਈ ਨਾਲ ਪ੍ਰਵੀਨ ਬੰਗਾ ਦੀ ਮੁਲਾਕਾਤ

**ਬੰਗਾ( ਚਰਨਜੀਤ ਸੱਲ੍ਹਾਂ )** ਬੰਗਾ ਹਲਕੇ ਦੇ ਪਿੰਡ ਬਲਾਕੀਪੁਰ ਵਿਖੇ ਦੇਸ ਵਿਦੇਸ਼ ਵਿੱਚ ਮਹਾਪੁਰਸ਼ਾ ਦੇ ਅੰਦੋਲਨ ਨੂੰ ਭੈਣ ਕੁਮਾਰੀ ਮਾਇਆ ਵਤੀ ਜੀ ਦੀ ਅਗਵਾਈ ਵਿੱਚ ਸਮਰਪਿਤ ਬਸਪਾ ਦੇ ਯੋਧੇ ਅਮਰਜੀਤ ਬੋਧ UAE ਦੇ ਨਿਵਾਸ ਤੇ ਪਹੁੰਚਕੇ ਪਰਿਵਾਰਿਕ ਗਲਬਾਤ ਤੋ ਇਲਾਵਾ ਮਿਸ਼ਨ ਮੂਮੈਂਟ ਨੂੰ ਮਜਬੂਤ ਕਰਨ ਸੰਬਧੀ ਵਿਚਾਰ ਵਿਟਾਂਦਰਾ ਕੀਤਾ ਬਸਪਾ ਵਲੋਂ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ



ਦਿਵਸ ਤੇ 9 ਅਕਤੂਬਰ ਦੀ ਫਿਲੋਰ ਮਹਾਂ ਰੈਲੀ ਵਿੱਚ ਪਹੁੰਚਣ ਦੀ ਬਸਪਾ ਪੰਜਾਬ ਦੇ ਜਨਰਲ ਸਕੱਤਰ ਪਰਵੀਨ ਬੰਗਾ ਨੇ ਅਪੀਲ ਕੀਤੀ ਇਸ ਮੌਕੇ ਤੇ Worldiwde BSP Supporters ਕੁਵੈਤ ਟੀਮ ਦੇ ਸਹਿਯੋਗੀ ਸੁਰਜੀਤ ਝੰਡੇਰ ਜੀ ਵੀ ਹਾਜਰ ਹੋਏ

# ਪਿੰਡ ਜੈਤੇਵਾਲੀ ਵਿਖੇ ਚਲਾਏ ਜਾ ਰਹੇ ਸਕੂਲ ਸਤਿਕਾਰਯੋਗ ਸੰਤ ਕ੍ਰਿਸ਼ਨ ਨਾਥ ਚਹੇੜੂ ਅਤੇ ਬਸਪਾ ਦੀ ਟੀਮ ਪਹੁੰਚੀ

**ਜਲੰਧਰ (ਚਰਨਜੀਤ ਸੱਲ੍ਹਾਂ )** ਬਹੁਤ ਹੀ ਸਤਿਕਾਰਯੋਗ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲਿਆਂ ਜੀ ਵੱਲੋਂ ਪਿੰਡ ਜੈਤੇਵਾਲੀ ਵਿਖੇ ਚਲਾਏ ਜਾ ਰਹੇ ਸਤਿਗੁਰੂ ਰਵਿਦਾਸ ਪਬਲਿਕ ਸਕੂਲ ਵਿਖੇ ਜਾਣ ਦਾ ਮੌਕਾ ਮਿਲਿਆ। ਸੰਤਾਂ ਵੱਲੋਂ ਸਿੱਖਿਆ ਲਈ ਬਹੁਤ ਹੀ ਵਧੀਆ ਉਪਰਾਲਾ ਕੀਤਾ ਗਿਆ ਹੈ, ਜਿੱਥੇ ਇਲਾਕੇ ਦੇ ਬੱਚੇ ਵਧੀਆ ਸਿੱਖਿਆ ਲੈ ਰਹੇ ਹਨ। ਸੰਤਾਂ ਵੱਲੋਂ ਦਿੱਤੇ ਗਏ ਮਾਣ ਸਨਮਾਨ ਲਈ ਬਹੁਤ-ਬਹੁਤ ਧੰਨਵਾਦ। ਚਹੇੜੂ ਵਾਲੇ ਸੰਤਾਂ ਦੀ ਮੇਹਰਬਾਨੀ ਇਹ ਕਿ ਕਈ ਵਿਦਿਆਰਥੀ ਇਥੋਂ ਗਿਆਨ ਲੈਕੇ ਅੱਗੇ ਵੱਧੇ ਹਨ ਅਤੇ ਵੱਡੀਆਂ ਵੱਡੀਆਂ ਨੌਕਰੀਆਂ ਪ੍ਰਾਪਤ ਕਰਕੇ ਸਮਾਜ ਦੀ ਸੇਵਾ ਕਰ ਰਹੇ ਹਨ ਕਿਉਂਕਿ ਕਿ ਇਹ ਸੰਤ ਕਿਸੇ ਵੀ ਵਿਆਕਤੀ ਨੂੰ ਹਨੇਰੇ ਵਿੱਚ ਨਹੀਂ ਰੱਖਦੇ ਸਗੋਂ ਸਚਾਈ ਪੇਸ਼ ਕੀਤੀ ਹੈ ਇਸ ਮੌਕੇ ਤੇ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਉਨ੍ਹਾਂ ਦੀ ਟੀਮ ਹਾਜ਼ਰ ਸੀ।




# ਅੱਪਰਾ ਵਿਖੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਸਮਾਗਮ 7 ਨੂੰ

**ਫਿਲੌਰ/ਅੱਪਰਾ (ਦੀਪਾ)–** ਹਰ ਸਾਲ ਦੀ ਤਰਾਂ ਇਸ ਸਾਲ ਵੀ ਅੱਪਰਾ ਵਿਖੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਸੰਬੰਧੀ ਸਮਾਗਮ ਮਿਤੀ 7 ਅਕਤੂਬਰ ਦਿਨ ਮੰਗਲਵਾਰ ਨੂੰ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਞ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਾ. ਭੀਮ ਰਾਓ ਯੂਥ ਸਟੂਡੈਂਟਸ਼ ਫੈਲਫੇਅਰ ਕਮੇਟੀ (ਰਜ਼ਿ.) ਪੰਜਾਬ ਤੇ ਭਗਵਾਨ ਵਾਲਮੀਕਿ ਜੀ ਪ੍ਰਬੰਧਕ ਕਮੇਟੀ (ਰਜ਼ਿ) ਅੱਪਰਾ ਦੇ ਪ੍ਰਧਾਨ ਦੀਪਕ ਅੱਪਰਾ, ਸੁਰਿੰਦਰ ਨਾਹਰ ਕੈਸ਼ੀਅਰ, ਰੂਪ ਲਾਲ ਨਾਹਰ ਪੰਚ, ਪੱਪੂ ਰਾਮ, ਰਾਣਾ, ਸ਼ੰਮੀ ਕਲਿਆਣ ਤੇ ਓਮ ਪ੍ਰਕਾਸ਼ ਵਾਲੀਆ ਨੇ ਦੱਸਿਆ ਕਿ ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ 'ਚ ਮਿਤੀ 7 ਅਕਤੂਬਰ ਨੂੰ ਭਗਵਾਨ ਵਾਲਮੀਕਿ ਜੀ ਦੇ ਮੰਦਿਰ ਵਿਖੇ ਝੰਡਾ ਚੜਾਇਆ ਜਾਵੇਗਾ ਞ ਉਪਰੰਤ ਅਟੁੱਟ ਲੰਗਰ ਵਰਤਾਇਆ ਜਾਵੇਗਾ ।

# ਵਿਦਿਆਰਥੀਆਂ ਨੇ ਸਵੱਛਤਾ ਅਭਿਆਨ ਤਹਿਤ ਪਿੰਡ 'ਚ ਕੱਢੀ ਜਾਗਰੂਕਤਾ ਰੈਲੀ

**ਰਾਏਕੋਟ, (ਗੁਰਭਿੰਦਰ ਗੁਰੀ)** ਨਜਦੀਕੀ ਪਿੰਡ ਤੁੰਗਾਂਹੇੜੀ ਵਿਖੇ ਭਾਰਤੀ ਏਅਰਟੈਲ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਸੱਤਿਆ ਭਾਰਤੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲ ਮੁਖੀ ਮੈਡਮ ਸਰਨਜੀਤ ਕੌਰ ਦੀ ਅਗਵਾਈ ਹੇਠ ਸਵੱਛਤਾ ਅਭਿਆਨ ਤਹਿਤ ਪਿੰਡ ਵਿੱਚ ਜਾਗਰੂਕਤਾ ਰੈਲੀ ਕੱਢੀ ਗਈ। ਜਿਸ 'ਚ ਵਿਦਿਆਰਥੀਆਂ ਨੇ ਹੱਥਾਂ 'ਚ ਬੈਨਰਾਂ ਰਾਹੀਂ ਸਫਾਈ ਪ੍ਰਤੀ ਸੁਨੇਹਾ ਦਿੱਤਾ ਤੇ ਨਾਲ ਹੀ ਵਿਦਿਆਰਥੀਆਂ ਤੇ ਪਿੰਡ ਵਾਸੀਆਂ ਸਮੇਤ ਸਕੂਲ ਸਟਾਫ਼ ਨੇ ਸਵੱਛਤਾ ਰੱਖਣ ਲਈ ਸਹੁੰ ਵੀ ਚੁੱਕੀ। ਇਸ ਰੈਲੀ ਦੌਰਾਨ ਪਿੰਡ ਦੇ ਸਰਪੰਚ ਜਗਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਸਾਡਾ ਆਲਾ-ਦੁਆਲਾ ਸਾਫ-ਸੁਥਰਾ ਹੋਵੇਗਾ ਤਾਂ ਵਾਤਾਵਰਨ ਵੀ ਸ਼ੁੱਧ ਹੋਵੇਗਾ, ਜਿਸ ਨਾਲ ਸਾਨੂੰ ਅਨੇਕਾਂ ਬਿਮਾਰੀਆਂ ਤੋਂ ਨਿਜਾਤ ਮਿਲੇਗੀ। ਸਕੂਲ ਮੁਖੀ ਮੈਡਮ ਸਰਨਜੀਤ ਕੌਰ ਨੇ ਕਿਹਾ ਕਿ ਸਵੱਛਤਾ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਤੇ ਆਸਪਾਸ ਦੀ ਸਫ਼ਾਈ ਲਈ ਇਹ ਰੈਲੀ ਕੱਢੀ ਗਈ ਹੈ ਤੇ ਪਿੰਡ ਵਾਸੀਆਂ ਨੇ ਵੱਧ ਤੋਂ ਵੱਧ ਦਸਤਖਤ ਕਰਕੇ ਸਵੱਛਤਾ ਪ੍ਰਤੀ ਸਵੱਛਤਾ ਹੀ ਸੇਵਾ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਵਾਅਦਾ ਵੀ ਕੀਤਾ ਹੈ। ਇਸ ਦੌਰਾਨ ਵਿਦਿਆਰਥੀਆਂ ਦੇ ਸਵੱਛਤਾ ਨੂੰ ਦਰਸਾਉਂਦੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਐੱਸਐੱਮਸੀ ਕਮੇਟੀ ਮੈਂਬਰ ਫਰਚੰਦ ਖਾਂ, ਮਨਰੇਗਾ ਇੰਚਾਰਜ ਪਰਮਜੀਤ ਕੌਰ, ਮੈਡਮ ਸੁਮਨਦੀਪ ਕੌਰ, ਪ੍ਰਵੀਨ ਕੌਰ, ਵੀਰਪਾਲ ਕੌਰ, ਨਵਜੋਤ ਕੌਰ ਤੇ ਕਮਲਜੀਤ ਕੌਰ ਆਦਿ ਹਾਜ਼ਰ ਸਨ।






# ਅਕਤੂਬਰ ਦੀ ਫਿਲੌਰ ਵਿਖੇ ਹੋਣ ਵਾਲੀ ਤਖਤ ਬਦਲ ਦਿਓ ਤਾਜ ਬਦਲ ਦਿਓ ਰੈਲੀ ਹੋਵੇਗੀ ਇਤਿਹਾਸਿਕ : ਕਰੀਮਪੁਰੀ

**ਬਠਿੰਡਾ ( ਚਰਨਜੀਤ ਸੱਲ੍ਹਾਂ )** ਬਸਪਾ ਜਿਲਾ ਬਠਿੰਡਾ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ 9 ਅਕਤੂਬਰ ਨੂੰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ 'ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ' ਵਿੱਚ ਫਿਲੌਰ ਵਿਖੇ ਵੱਡੀ ਗਿਣਤੀ ਚ ਪਹੁੰਚਣ ਦਾ ਸੱਦਾ ਦਿੱਤਾ ਗਿਆ ਅਤੇ ਆਪ ਸਰਕਾਰ ਨੂੰ ਲੰਮੀ ਪਾਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਸਾਹਿਬ ਜੀ ਦੀ ਚਾਰਦੀਵਾਰੀ ਉਸੇ ਜਗ੍ਹਾ ਦੁਬਾਰਾ ਬਣਾਉਣ ਲਈ ਮਜਬੂਰ ਕੀਤਾ ਗਿਆ ਇਸ ਮੌਕੇ ਤੇ ਸਟੇਟ ਕੁਆਰਡੀਨੇਟਰ ਸਰਦਾਰ ਕੁਲਦੀਪ ਸਿੰਘ ਸਰਦੂਲਗੜ ਜੀ,ਸਟੇਟ ਜਨਰਲ ਸੈਕਟਰੀ ਸ਼੍ਰੀਮਾਨ ਦੌਲਤ ਰਾਮ ਜੀ,ਸਟੇਟ ਸੈਕਟਰੀ ਸਰਦਾਰ ਨਿਕਾ ਸਿੰਘ ਜੀ, ਜਿਲਾ ਪ੍ਰਧਾਨ ਡਾਕਟਰ ਜੋਗਿੰਦਰ ਸਿੰਘ ਜੀ, ਕਿਸਾਨ ਆਗੂ ਹਰਪ੍ਰੀਤ ਸਿੰਘ ਤੋਂ ਇਲਾਵਾ ਪਾਰਟੀ ਦੀ ਵੱਡੀ ਗਿਣਤੀ ਚ ਵਰਕਰ ਅਤੇ ਲੀਡਰਸ਼ਿਪ ਹਾਜ਼ਰ ਸੀ, ਪੰਜਾਬ ਸੰਭਾਲੋ ਮਹਿਮ ਜਿੰਦਾਬਾਦ, ਬੇਗਮਪਰੇ ਦਾ ਸੰਕਲਪ ਬਸਪਾ ਹੀ ਵਿਕਲਪ,ਪੰਜਾਬ ਦਾ ਸੰਕਲਪ ਬਸਪਾ ਹੀ ਵਿਕਲਪ।



# ਸਿਹਤ ਸੁਰੱਖਿਆ ਲਈ ਫੂਡ ਸੇਫਟੀ ਵਿਭਾਗ ਵੱਲੋਂ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਨਿਗਰਾਨੀ ਮੁਹਿੰਮ ਚਲਾਈ ਜਾ ਰਹੀ ਹੈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਇਸੇ ਮੁਹਿੰਮ ਤਹਿਤ ਅੱਜ ਫੂਡ ਸੇਫਟੀ ਟੀਮ ਵਲੋਂ ਮਾਨਯੋਗ ਕਮਿਸ਼ਨਰ, ਐਫ.ਡੀ.ਏ. ਪੰਜਾਬ ਸ਼੍ਰੀ ਦਿਲਰ-ਾਜ ਸਿੰਘ ਆਈ.ਏ.ਐਸ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ ਆਈ.ਏ.ਐਸ ਜੀ ਦੇ ਹੁਕਮਾਂ ਅਨੁਸਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ.ਬਲਬੀਰ ਕੁਮਾਰ ਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ.ਜਤਿੰਦਰ ਭਾਟੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ, ਫੂਡ ਸੇਫਟੀ ਅਫ਼ਸਰ ਵਿਵੇਕ ਕੁਮਾਰ ਦੀ ਅਗਵਾਈ ਹੇਠ ਸ਼ਹਿਰ ਦੀਆਂ ਮਿਠਾਈਆਂ ਦੀਆਂ ਦੁਕਾਨਾਂ ਤੋਂ 02 ਦੁੱਧ, 01 ਅਚਾਰ ਅਤੇ 02 ਪਨੀਰ ਦੇ ਸੈਂਪਲ ਇਕੱਤਰ ਕੀਤੇ ਗਏ। ਇਨਾਂ ਸ਼ੱਕੀ ਸੈਂਪਲਾਂ ਨੂੰ ਵਿਗਿਆਨਕ ਜਾਂਚ ਲਈ ਲੈਬੋਰਟਰੀ ਵਿੱਚ ਭੇਜਿਆ ਜਾਵੇਗਾ ਤੇ ਰਿਪੋਰਟ ਆਉਣ ਤੇ ਫੂਡ ਸੇਫਟੀ ਐਕਟ ਤਹਿਤ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਮੌਕੇ ਫੂਡ ਸੇਫਟੀ ਅਫਸਰ ਵਿਵੇਕ ਕੁਮਾਰ ਨੇ ਦੱਸਿਆ ਕਿ ਇਸ ਮੁਹਿੰਮ ਅਧੀਨ ਮਿਠਾਈ ਦੁਕਾਨਾਂ, ਬੇਕਰੀਆਂ, ਰੈਸਟੋਰੈਂਟਾਂ, ਹੋਲਸੇਲ ਡੀਪੋਆਂ ਅਤੇ ਬਾਜ਼ਾਰਾਂ ਦੀ ਨਿਰੰਤਰ ਜਾਂਚ ਕੀਤੀ ਜਾ ਰਹੀ ਹੈ ਅਤੇ ਖਾਦ ਪਦਾਰਥਾਂ ਦੀ ਗੁਣਵੱਤਾ ਤੇ ਸਫਾਈ ’ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਮਿਲਾਵਟ ਅਤੇ ਅਸੁਰੱਖਿਅਤ ਸਮੱਗਰੀ ਦੀ ਵਿਕਰੀ ’ਤੇ ਰੋਕ ਲਗਾਈ ਜਾ ਸਕੇ। ਉਨਾਂ ਸਮੂਹ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਖਾਣ-ਪੀਣ ਸਮੱਗਰੀ ਖਰੀਦਦਿਆਂ ਸਮੇਂ ਸਫਾਈ ਦਾ ਅਤੇ ਪੈਕਿੰਗ ਉੱਤੇ ਦਰਸਾਈ ਮਿਆਦ (exipry date), ਐਫ.ਐਸ.ਐਸ.ਏ.ਆਈ.(ਢ ਸ਼ਸ਼ਅੀ) ਲਾਇਸੈਂਸ ਨੰਬਰ ਦਾ ਵਿਸ਼ੇਸ਼ ਧਿਆਨ ਰੱਖਣ। ਜੇਕਰ ਕਿਸੇ ਵੀ ਜਗ੍ਹਾ ਮਿਲਾਵਟਯੁਕਤ ਜਾਂ ਸੰਦਿਗਧ ਸਮੱਗਰੀ ਵਿਕਦੀ ਹੋਵੇ, ਤਾਂ ਇਸ ਸੰਬੰਧੀ ਜਾਣਕਾਰੀ ਤੁਰੰਤ ਖਾਦ ਸੁਰੱਖਿਆ ਵਿਭਾਗ ਵਿੱਚ ਦਿੱਤੀ ਜਾਵੇ। ਉਨਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਸਾਫ ਸੁਥਰੇ ਅਤੇ ਸਿਹਤਮੰਦ ਖਾਣ-ਪੀਣ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ, ਤਾਂ ਜੋ ਤਿਉਹਾਰਾਂ ਦੀ ਖੁਸ਼ੀ ਬਿਨਾਂ ਕਿਸੇ ਸਿਹਤ ਸੰਬੰਧੀ ਖਤਰੇ ਦੇ ਮਨਾਈ ਜਾ ਸਕੇ।



# ਤਾਈਕਵਾਡੋਂ ਸਟੇਟ ਲੈਵਲ ਦੇ ਰੈਫਰੀ ਬਣੇ ਹੁਸ਼ਿਆਰਪੁਰ ਦੇ ਸ਼੍ਰੇਅਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਤਾਈਕਵਾਡੋਂ ਐਸੋਸੀਏਸ਼ਨ ਦੁਆਰਾ ਤਾਂਈਕੋਡੋ ਫੈਡਰੇਸ਼ਨ ਆਫ ਇੰਡੀਆ ਦੇ ਦਿਸ਼ਾ ਨਿਰਦੇਸ਼ਾਂ ਦੇ ਪੰਜਾਬ ਜਨਰਲ ਸਕੱਤਰ ਜਸਪਾਲ ਸਿੰਘ ਦੀ ਅਗਵਾਈ ਹੇਠ ਪਠਾਣਕੋਟ ਵਿੱਚ ਤਾਇਕਵਾਡੋ ਸਟੇਟ ਲੈਵਲ ਰੈਫਰੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਟ੍ਰੇਨਿੰਗ ਨੂੰ ਪਠਾਨਕੋਟ ਤਾਇਕਵਾਡੋ ਐਸੋਸੀਏਸ਼ਨ ਸਕੱਤਰ ਕਮਲ ਕਿਸ਼ੋਰ ਅਤੇ ਪ੍ਰਧਾਨ ਸੰਜੀਵ ਸੁਲਾਰੀਆ ਦੁਆਰਾ ਹੋਸਟ ਕੀਤਾ ਗਿਆ। ਜਿਸ ਵਿੱਚ ਪੂਰੇ ਪੰਜਾਬ ਭਰ ਵਿੱਚੋਂ 200 ਦੇ ਲਗਭਗ ਤਾਈਕਵਾਡੋ ਖਿਡਾਰੀਆਂ ਨੇ ਭਾਗ ਲਿਆ। ਇਹ ਟ੍ਰੇਨਿੰਗ ਜਸਪਾਲ ਸਿੰਘ, ਗੁਰਪ੍ਰੀਤ ਸਿੰਘ, ਮਹਿਕ, ਕਮਲ ,ਅਜੇ ਕੁਮਾਰ ਦੁਆਰਾ ਇਹਨਾਂ ਖਿਡਾਰੀਆਂ ਨੂੰ ਦਿੱਤੀ ਗਈ ਇਹ ਟ੍ਰੇਨਰ ਰਾਸ਼ਟਰੀ, ਸਟੇਟ, ਐਨ.ਆਈ.ਐਸ ਪੱਧਰ ਦੇ ਰੈਫਰੀਜ ਅਤੇ ਬਲੈਕ ਬੈਲਟ ਸਨ। ਇਸ ਟ੍ਰੇਨਿੰਗ ਵਿੱਚ ਹੁਸ਼ਿਆਰਪੁਰ ਦੇ ਤਾਈਕਵਾਡੋ ਖਿਡਾਰੀ ਸ਼੍ਰੇਅਸ ਕੁਮਾਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਫਲਤਾ ਪੂਰਵਕ ਸਟੇਟ ਲੈਵਲ ਰੈਫਰੀ ਪੇਪਰ ਪਾਸ ਕੀਤਾ ਅਤੇ ਹੁਸ਼ਿਆਰਪੁਰ ਨੂੰ ਇਹ ਯੁਵਾ ਸਟੇਟ ਪਧਰੀ ਤਾਈਕਵਾਡੋ ਰੈਫਰੀ ਮਿਲਿਆ ਜੋ ਕਿ ਆਉਣ ਵਾਲੇ ਸਮੇਂ ਵਿੱਚ ਸਕੂਲ ਖੇਡਾਂ ,ਖੇਡ ਵਿਭਾਗ ਖੇਡਾਂ, ਖੇਡ ਵਤਨ ਪੰਜਾਬ ਦੀਆਂ ਅਤੇ ਹੋਰ ਸਟੇਟ , ਜ਼ਿਲ੍ਹਾ ਪਧਰੀ ਟੂਰਨਾਮੈਂਟ ਵਿੱਚ ਹੁਸ਼ਿਆਰਪੁਰ ਵੱਲੋਂ ਰੈਫਰਸਿਪ ਕਰੇਗਾ। ਜ਼ਿਲ੍ਹੇ ਵਿੱਚ ਇਸ ਖਿਡਾਰੀ ਨੂੰ ਜ਼ਿਲ੍ਹਾ ਸਪੋਰਟਸ ਤਾਈਕਵਾਡੋ ਅਸੋਸੀਏਸ਼ਨ ਪ੍ਰਧਾਨ ਸੰਦੀਪ ਸੁਲਾਰੀਆ ਅਤੇ ਜਿਲਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੁਆਰਾ ਸਨਮਾਨਿਤ ਕੀਤਾ ਗਿਆ।




# ਪੋਲੀਓ ਮੁਹਿੰਮ ਵਿੱਚ ਬੂੰਦਾ ਪਿਲਾਉਣ ਦੀ ਡਿਊਟੀ ਨਾ ਲਗਵਾਈ ਜਾਵੇ:-ਜੁਝਾਰੂ ਆਂਗਨਵਾੜੀ ਵਰਕਰ ਅਤੇ ਹੈਲਪਰ ਯੂਨੀਅਨ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਪੋਲੀਓ ਦੀ ਬੂੰਦਾ ਪਿਲਾਉਣ ਦੀ ਡਿਊਟੀ ਨਾ ਲਗਵਾਉਣ ਸਬੰਧੀ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਨੂੰ ਇੱਕ ਮੰਗ ਪੱਤਰ ਸੀ ਡੀ ਪੀ ਓ ਦਫ਼ਤਰ ਦੀਆਂ ਸੁਪਰਵਾਈਜ਼ਰਾਂ ਨੂੰ ਸੌਂਪਿਆ ਗਿਆ। ਜੁਝਾਰੂ ਆਂਗਨਵਾੜੀ ਵਰਕਰ ਅਤੇ ਹੈਲਪਰ ਯੂਨੀਅਨ ਬਲਾਕ ਨਵਾਂਸ਼ਹਿਰ ਦੀ ਪ੍ਰਧਾਨ ਸ੍ਰੀਮਤੀ ਕਵਿਤਾ ਸ਼ਰਮਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਵਿੱਚ ਹਰੇਕ ਸਾਲ ਛੋਟੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਜਾਂਦੀਆਂ ਹਨ ਇਸ ਮੁਹਿੰਮ ਵਿੱਚ ਕੇਂਦਰ ਵੱਲੋਂ ਸਭ ਤੋਂ ਜ਼ਿਆਦਾ ਡਿਊਟੀ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਜ਼ਬਰਦਸਤੀ ਲਗਵਾ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਵੀ ਕੋਈ ਵਾਧੂ ਕੰਮ ਕਰਨਾ ਹੋਵੇ ਤਾਂ ਵੀ ਆਂਗਨਵਾੜੀ ਵਰਕਰ ਅਤੇ ਹੈਲਪਰ ਦੀ ਡਿਊਟੀ ਲਗਵਾ ਕੇ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਹੈ। ਜਦੋਂ ਕਿ ਉਨ੍ਹਾਂ ਕੋਲ ਪਹਿਲਾਂ ਹੀ ਆਂਗਨਵਾੜੀ ਕੇਂਦਰ ਦਾ ਪੋਸ਼ਣ ਟਰੇਕਰ ਦਾ ਕੰਮ ਜ਼ਿਆਦਾ ਹੁੰਦਾ ਏ। ਵਾਧੂ ਕੰਮ ਕਰਨ ਨਾਲ ਉਨ੍ਹਾਂ ਦਾ ਆਪਣਾ ਕੰਮ ਅਧੂਰਾ ਰਹਿ ਜਾਂਦਾ ਹੈ। ਕੇਂਦਰ ਵੱਲੋਂ ਇਹ ਕੰਮ ਵੀ ਜ਼ਬਰਦਸਤੀ ਉਨ੍ਹਾਂ ਦੇ ਪ੍ਰਾਈਵੇਟ ਫੋਨਾਂ ਤੇ ਕਰਵਾਇਆ ਜਾਂਦਾ ਹੈ। ਇਸ ਦੇ ਬਦਲੇ ਕੇਂਦਰ ਸਰਕਾਰ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਅੱਧੀ ਤਨਖਾਹ ਦਿੰਦੀ ਹੈ।ਅੱਧੇ ਸਾਲ ਤੋਂ ਜ਼ਿਆਦਾ ਸਮਾਂ ਬੀਤ ਗਿਆ ਪਰ ਹਾਲੇ ਤੱਕ ਵੀ ਕੇਂਦਰ ਸਰਕਾਰ ਵੱਲੋਂ ਕੋਈ ਤਨਖਾਹ ਨਹੀਂ ਦਿੱਤੀ ਗਈ। ਜਦੋਂ ਕਿ ਇਸ ਅੱਧੀ ਤਨਖਾਹ ਨਾਲ ਹੀ ਆਂਗਨਵਾੜੀ ਵਰਕਰ ਅਤੇ ਹੈਲਪਰ ਵਲੋਂ ਆਪਣੇ ਘਰ ਦਾ ਗੁਜ਼ਾਰਾ ਕੀਤਾ ਜਾਂਦਾ ਹੈ। ਹੁਣ ਪੰਜਾਬ ਦੀਆਂ ਸਾਰੀਆਂ ਆਂਗਨਵਾੜੀ ਵਰਕਰ ਅਤੇ ਹੈਲਪਰ ਕੇਂਦਰ ਸਰਕਾਰ ਦਾ ਕੋਈ ਵੀ ਵਾਧੂ ਕੰਮ ਨਹੀਂ ਕਰਨਗੀਆਂ ਉਹ ਸਿਰਫ਼ ਆਪਣੇ ਮਹਿਕਮੇ ਦਾ ਕੰਮ ਹੀ ਕਰਨਗੀਆਂ। ਉਹ ਆਪਣੀ ਮਰਜ਼ੀ ਨਾਲ ਕੰਮ ਕਰਨਾ ਚਾਹੁੰਦੀਆਂ ਹਨ। ਇਸ ਲਈ ਕੇਂਦਰ ਸਰਕਾਰ ਇਸ ਮੁਹਿੰਮ ਲਈ ਆਸ਼ਾ ਵਰਕਰਾਂ ਨਾਲ ਸੰਪਰਕ ਕਰ ਲਵੇ। ਇਸ ਸਮੇਂ ਜੁਝਾਰੂ ਆਂਗਨਵਾੜੀ ਵਰਕਰ ਅਤੇ ਹੈਲਪਰ ਯੂਨੀਅਨ ਬਲਾਕ ਨਵਾਂਸ਼ਹਿਰ ਦੀ ਪ੍ਰਧਾਨ ਸ੍ਰੀਮਤੀ ਕਵਿਤਾ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਅਮਨਦੀਪ ਕੌਰ, ਕ੍ਰਿਸ਼ਨਾ ਰਾਣੀ ਜਨਰਲ ਸਕੱਤਰ, ਮਨਦੀਪ ਕੌਰ ਵਿੱਤ ਸਕੱਤਰ, ਕੁਲਵਿੰਦਰ ਕੌਰ ਖ਼ਜ਼ਾਨਚੀ ਅਤੇ ਆਂਗਨਵਾੜੀ ਵਰਕਰ ਅਤੇ ਹੈਲਪਰ ਯੂਨੀਅਨ ਦੇ ਮੈਂਬਰ ਹਾਜ਼ਰ ਸਨ।



## ਥਾਂ ਥਾਂ 'ਤੇ ਫਿਰਦੇ ਰਾਵਣ

ਆਪੇ ਬਣੇਂ ਫਿਰਦੇ ਹਾਂ ਵਿਸ਼ਵ ਦੇ ਗੁਰੂ ,
ਲੱਗੀ ਮੌਜ ਮਿੱਤਰੋ ।
ਜੇਲ੍ਹਾਂ ਥਾਣਿਆਂ 'ਚ ਪਏ ਉੱਬਲਦੇ ਤੇਲ ,
ਵਾਲੇ ਹੌਜ ਮਿੱਤਰੋ ।
ਕਾਗ਼ਜ਼ਾਂ ਦੇ ਰਾਵਣਾਂ ਨੂੰ ਫੂਕ ਫੂਕ ਕੇ ,
ਦਿਲ ਖ਼ੁਸ਼ ਕਰ ਲੈਂਦੇ ।
ਹਰ ਪਿੰਡ ਸ਼ਹਿਰ ਵਿੱਚ ਰਾਵਣਾਂ ਦੀ ,
ਫਿਰਦੀ ਐ ਫੌਜ ਮਿੱਤਰੋ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਗ਼ਜ਼ਲ

ਫ਼ਿਰ ਮੇਰੇ ਤੇ ਖੁੱਲੀ ਦੁਨੀਆ
ਜਦ ਮੇਰੇ ਤੇ ਡੁੱਲ੍ਹੀ ਦੁਨੀਆ

ਕੱਲ੍ਹ ਪੂਜੇਗੀ ਜਿਸ ਬੰਦੇ ਨੂੰ
ਅੱਜ ਮਾਰਨ ਤੇ ਤੁੱਲ਼ੀ ਦੁਨੀਆ

ਵੇਖ ਵੇਖ ਕੇ ਦੁਖੀ ਹੁਨਾਂ
ਦੁਨੀਆ ਉੱਤੇ ਭੁੱਲੀ ਦੁਨੀਆ

ਪਾਰ ਚਨਾਓਂ ਮੇਰਾ ਕਾਅਬਾ
ਸਮਝ ਰਹੀ ਜੋ ਕੁੱਲੀ ਦੁਨੀਆ

ਉਹੋ ਬਚਣਾ ਯਾਸ ਏ ਜਿਸਦੀ
ਕੁੱਲੀ, ਜੁੱਲੀ, ਗੁੱਲੀ ਦੁਨੀਆ



**ਯਾਸੀਨ ਯਾਸ**
**ਲਹਿੰਦਾ ਪੰਜਾਬ**

## ਬੇਬਸੀ

ਹੈ ਬੇਬਸੀ ਦਾ ਆਲਮ,
ਹੱਥ ਵੱਸ ਨਹੀਂ ਹੈ ਸਾਡੇ।

ਅਸੀਂ ਹੱਥ ਕਟਾ ਚੁੱਕੇ ਹਾਂ,
ਸਾਂਈਂ ਮਿਲ਼ੇ ਨੇ ਡਾਢੇ।

ਭਰਮਾ'ਗੇ ਮਾਰ ਮਿੱਠੀਆਂ,
ਲੀਡਰ ਸੀ ਸਾਡੇ ਪਾ'ਡੇ ।

ਬੜੀ ਦੂਰ ਹੋਈ ਮੰਜ਼ਲ,
ਨੇੜੇ ਦਿਸੇ ਨਾ ਦੁਰਾਡੇ।

ਬੇਬਸ ਹੋ ਕੋਸੀਏ ਰੱਬ,
ਕੇਹੇ ਲੇਖ ਲਿਖੇ ਸਾਡੇ।

ਚਿਤ ਵੀ ਤੁਹਾਡੀ ਪਟ ਵੀ,
ਸਦਕੇ ਓ ਸਾਂਈਓ ਤੁਹਾਡੇ।



**ਸ਼ਿੰਦਾ ਬਾਈ**

## ਤੁਸੀਂ ਕੀ ਮਾਣ ਭੱਤਾ ਦਿਉਂਗੇ

ਤੁਸੀਂ ਕੀ ਮਾਣ ਭੱਤਾ ਦਿਉਂਗੇ,
ਰੱਬ ਮੈਨੂੰ ਘੱਲਿਆ ਹੀ ਬਣਾ ਕੇ ਰਾਜਾ।
ਤੁਸੀਂ ਕੀ ਮਾਣ ਭੱਤਾ ਦਿਉਂਗੇ
ਪਾਣੀ ਦਾ ਪਊਆ ਪਿਆ ਕੇ ਬਣੇਂ ਖਵਾਜਾ।
ਕਿਰਤੀਆਂ ਦੇ ਘਰ ਮਾ ਨੇ ਜਾਇਆ,
ਕਿਰਸਾਂ ਕਰਨੀਆ ਬਾਪ ਸਿਖਾਇਆ।
ਸਿਦਕੀ ਮਾਪਿਆ ਹੱਥ ਨਾ ਫੈਲਾਇਆ।
ਬੀਜਿਆ ਬਹੁਤਾ ਵੰਡਿਆ ਥੋੜ੍ਹਾ ਖਾਇਆ
ਬੇਹੇ ਟੁੱਕਰ ਖਣ ਵਾਲਿਆਂ ਲੰਗਰ ਕੀ ਗਵਾਉਣਾ ਤਾਜ਼ਾ।
ਤੁਸੀਂ ਕੀ ਮਾਣ ਭੱਤਾ ਦਿਉਂਗੇ..........।
ਬਿਰਛ ਦੀ ਛਾਇਆ ਪਾਪ ਦੀ ਮਾਇਆ,
ਕਦੇ ਨਾ ਕਦੇ ਰੰਗ ਚੜ੍ਹਾਵੇ।
ਚੁਸਤ ਚਲਾਕੀਆਂ ਵਰਤਣ ਵਾਲਿਆਂ ਦੇ,
ਨੂਰ ਨਾ ਮੂੰਹ 'ਤੇ ਕਦੇ ਵੀ ਆਵੇ।
ਤਿੱਖੀ ਅਵਾਜ਼ ਪੀਪਣੀਆਂ ਦੀ ਹੁੰਦੀ,
ਉਨ੍ਹਾਂ ਦੀ ਤਾਂ ਰੀਸ ਕਰੇ ਨਾ ਬਾਜਾ।
ਤੁਸੀਂ ਕੀ ਮਾਣ ਭੱਤਾ ਦਿਉਂਗੇ..........।
ਉਰਲੀਆਂ ਪਰਲੀਆਂ ਲਾਬ ਸਲਾਈਆਂ,
ਨਾ ਹੀ ਕਰੀਏ ਅਸੀਂ ਨਾ ਜਰੀਏ।
ਉਸੇ ਦੇ ਜਸ ਗਾਈਏ ਦੇਵੇ ਪਹਿਨਣ ਖਾਣ,
ਕਿਉਂ ਕਿਸੇ ਤੋਂ ਬਿਨ੍ਹਾਂ ਵਜ੍ਹਾ ਡਰੀਏ।
'ਮੀਤ ਸਕਰੌਦੀ' ਮਾਲਕ ਸੁੰਦਰ ਸੂਰਤ ਦਾ,
ਸੋਹਣਾ ਸੋਹਣੀਏ, ਨੀ ਤੂੰ ਤਾਂ ਟਲ਼ੂਜਾ ਟਲ਼ੂਜਾ
ਨਾ ਕਰ ਇੱਲ੍ਹਤਾਂ ਗੰਨ੍ਹਾ ਛਿੱਲ ਚੂਪਾਉ ਤਾਜ਼ਾ।
'ਮੀਤ ਸਕਰੌਦੀ' ਮਾਲਕ ਸੁੰਦਰ ਸੂਰਤ ਦਾ
ਯਾਰੀਆਂ ਵਾਲੇ ਆਖਣ ਆ ਜਾ ਆਜਾ।
ਤੁਸੀਂ ਕੀ ਮਾਣ ਭੱਤਾ ਦਿਉਂਗੇ..........।



**ਗੀਤਕਾਰ: ਮੀਤ ਸਕਰੌਦੀ**
**ਫੋਨ: 9988716513**

## ਸਫਿਆਂ ਉੱਤੇ ਚਮਤਕਾਰ

ਸਫਿਆਂ ਉੱਤੇ ਚਮਕਣ ਤਾਰੇ
ਰੂਹ ਮੇਰੀ ਨੂੰ ਦੇਣ ਹੁਲਾਰੇ
ਕਾਲੀ ਰਾਤ ਦੀ ਲੋਈ ਲੈ ਕੇ
ਚਾਅ ਵੀ ਤਾਂ ਲੁੱਕ ਗਏ ਸਾਰੇ
ਮੈਂ ਕਮਲੀ ਵਣਜਾਰਣ ਹੋਈ
ਸ਼ਬਦ ਮੇਰੇ ਬਣਗੇ ਵਣਜਾਰੇ
ਅੱਜ ਓ ਪੱਕੀ ਛੱਤ ਦੇ ਹੇਠਾਂ
ਸੀ ਕਦੇ ਜੀਦੇ ਕੱਚੇ ਢਾਰੇ
ਬੇਰੁਜਗਾਰ ਰੁਜਗਾਰ ਦੀ ਖਾਤਿਰ
ਚੌਂਕਾਂ ਦੇ ਵਿੱਚ ਲਾਵਣ ਨਾਹਰੇ
ਓ ਜੱਗ ਦੇ ਵਿੱਚ ਕਦੇ ਨੀ ਰਲਦੇ
ਜੀ ਜੋ ਚਲਦੇ ਜੱਗੋਂ ਬਾਹਰੇ
ਓਹੀ ਲੇਖਕ ਪਾਠਕ ਥੀਂ ਭਾਵੇ
ਜਿਸ ਦੀ ਲਿਖਤ ਦਾ ਕੋਈ ਮਿਆਰੇ
ਜਿਹੜਾ ਨਾਮ ਦੇ ਬੇੜੇ ਚੜਿਆ
ਓਹੀ ਹੋਇਆ ਭਵਜਲ ਪਾਰੇ
ਮੈਂ ਸੱਜਣਾ ਦੀ ਬੌਰੀ ਹੋ ਗਈ
ਸੱਜਣ ਮੇਰੇ ਗਲ ਦਾ ਹਾਰੇ
ਦੇਖ ਦਿਲੇ ਦੇ ਰੋਗੀ ਅੜਿਆ
ਵੱਸਣ ਸਾਡੇ ਸ਼ਹਿਰ ਚ ਸਾਰੇ
ਅਮਨ ਦੀ ਆਦਤ ਬਣਕੇ ਬੈਠਾ
ਵਗਦਾ ਬਣ ਬਣ ਹੰਝੂ ਖਾਰੇ



**ਅਮਨ ਢਿੱਲੋਂ ਕਸੇਲ**


## ਵਿਆਹ ਦੀ ਸਿਲਵਰ ਜੁਬਲੀ ਮਨਾਈ



**ਜਗਦੀਪ ਸਿੰਘ ਚੌਹਾਨ ਤੇ ਸਿਕੰਦਰ ਕੌਰ ਮਾਡਲ ਟਾਊਨ ਖੰਨਾ ਨੇ ਵਿਆਹ ਦੀ ਸਿਲਵਰ ਜੁਬਲੀ ਮਨਾਈ।**

# ਨਾਟਕਾਂ ਅਤੇ ਗੀਤਾਂ ਭਰਿਆ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਿਤ 30,31 ਅਕਤੂਬਰ ਅਤ ਪਹਿਲੀ ਨਵੰਬਰ ਦੇਸ਼ ਭਗਤ ਯਾਦਗਾਰ ਹਾਲ ਚ ਲੱਗ ਰਿਹਾ 34ਵਾਂ ਮੇਲਾ ਗਦਰੀ ਬਾਬਿਆਂ ਦਾ ਪਹਿਲੀ ਨਵੰਬਰ ਨੂੰ ਦਿਨ ਰਾਤ ਨਾਟਕਾਂ ਅਤੇ ਗੀਤਾਂ ਦੇ ਦਿਲਕਸ਼ ਰੰਗਾਂ ਦੀ ਸਤਰੰਗੀ ਪੀਂਘ ਅੰਬਰਾਂ ਤੇ ਪਾਏਗਾ। ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੋਣ ਕਾਰਨ ਇਸ ਵਾਰ ਮੇਲੇ 'ਚ ਗ਼ਦਰੀ ਗੁਲਾਬ ਕੌਰ ਬਾਰੇ ਦਿਨੇ ਅਤੇ ਰਾਤ ਵੇਲੇ ਦੋ ਨਾਟਕ ਹੋਣਗੇ। ਦਿਨ ਵੇਲੇ ਸ਼ਾਮ ਨੂੰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਚ 'ਧਰਤ ਵੰਗਾਰੇ ਤਖਤ ਨੂੰ' ਨਾਟਕਾਂ ਦੀ ਰਾਤ ਦਾ ਆਗਾਜ਼ ਲੋਕ ਕਲਾ ਮੰਚ ਮਾਨਸਾ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦੇ ਲਿਖੇ ਅਤੇ ਡਾ. ਅਜਮੀਤ ਦੁਆਰਾ ਨਿਰਦੇਸ਼ਤ 'ਤੂੰ ਚਰਖਾ ਘੁਕਦਾ ਰੱਖ ਜਿੰਦੇ' ਨਾਲ ਹੋਏਗਾ।ਇਸ ਤੋਂ ਇਲਾਵਾ ਨਾਟਕਾਂ ਭਰੀ ਰਾਤ ਵੇਲੇ ਦੂਰ ਦਰਸ਼ਨ ਦੇ ਸਾਬਕਾ ਨਿਰਦੇਸ਼ਕ ਹਰਜੀਤ ਦੁਆਰਾ ਲਿਖਿਆ



ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਚ ਨਾਟਕ ਹੋਏਗਾ 'ਸਾਂਦਲ ਬਾਰ, 'ਮਾਲਾ ਹਾਸ਼ਮੀ ਨਵੀਂ ਦਿੱਲੀ ਤੋਂ ਆਪਣੀ ਜਨ ਨਾਟਿਆ ਮੰਚ ਮੰਡਲੀ ਵੱਲੋਂ ਫਿਰਕਾ ਪ੍ਰਸਤੀ ਗੁੰਡਾਗਰਦੀ ਅਤੇ ਹਕੂਮਤੀ ਗੱਠ ਜੋੜ ਦਾ ਪਰਦਾ ਫਾਸ ਕਰਦਾ ਨਾਟਕ ਪੇਸ਼ ਕਰਨਗੇ। ਸੰਗੀਤਾ ਗੁਪਤਾ ਚੰਡੀਗੜ੍ਹ ਦੀ ਨਿਰਦੇਸ਼ਨਾ ਚ ਨਾਟਕ ਹੋਏਗਾ 'ਮੁਝੇ ਪੰਖ ਦੇ ਦੋ' ਡਾ. ਸਾਹਿਬ ਸਿੰਘ ਦੁਆਰਾ ਰਚਿਤ ਅਤੇ ਨਿਰਦੇਸ਼ਤ ਨਾਟਕ ਹੋਏਗਾ, 'ਤੂੰ ਅਗਲਾ ਵਰਕਾ ਫੋਲ' । ਹੜ੍ਹ ਪੀੜ੍ਹਤਾਂ ਨਾਲ ਹਾਕਮਾਂ ਵੱਲੋਂ ਕੀਤੇ ਜਾ ਰਹੇ ਕੋਝੇ ਮਜ਼ਾਕ ਉੱਪਰ ਵਿਅੰਗ ਕਸਦਾ ਗੁਰਸ਼ਰਨ ਸਿੰਘ ਦਾ ਨਾਟਕ 'ਰਾਹਤ' ਖੇਡੇਗਾ ਇਕੱਤਰ ਅਤੇ ਇਪਟਾ ਮੋਗਾ ਅਵਤਾਰ ਚੜਿੱਕ ਅਤੇ ਸਾਥੀ ਨਿਵੇਕਲਾ ਰੰਗ ਭਰਨਗੇ, 'ਭੰਡ ਆਏ ਮੇਲੇ 'ਤੇ ਮੇਲੇ ਚ ਸੰਗੀਤ ਦੀਆਂ ਸੁਰਾਂ ਛੇੜਨਗੇ ਛੱਤੀਸਗੜ ਤੋਂ 'ਰੇਲਾ ਸੰਗੀਤਕ ਗਰੁੱਪ, ਦਸਤਕ ਸਭਿਆਚਾਰਕ ਮੰਚ( ਸਾਰਾ), ਲੋਕ ਸੰਗੀਤ ਮੰਡਲੀ ਭਦੌੜ( ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ ਅਤੇ ਸਾਥੀ )ਲੋਕ ਸੰਗੀਤ ਮੰਡਲੀ ਮਸਾਣੀ( ਧਰਮਿੰਦਰ ਮਸਾਣੀ), ਲੋਕ ਸੰਗੀਤ ਮੰਡਲੀ ਗੜ੍ਹਦੀਵਾਲਾ ( ਗੁਰਪਿੰਦਰ ਸਿੰਘ), ਗੁਲਾਮ ਅਲੀ, ਇਕਬਾਲ ਉਦਾਸੀ, ਨਰਗਿਸ, ਅਜਮੇਰ ਅਕਲੀਆ ਅਤੇ ਅੰਮ੍ਰਿਤਪਾਲ ਬੰਗੇ। ਪ੍ਰੈੱਸ ਨਾਲ਼ ਇਹ ਜਾਣਕਾਰੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।

# ਪ੍ਰਵਾਸੀ ਭਾਰਤੀ ਬਲਵਿੰਦਰ ਸਰਾਂ ਨੇ ਸਰਕਾਰੀ ਸਕੂਲ ਵਿੱਚ ਲਵਾਇਆ ਆਰ ਓ ਅਤੇ ਚਿੱਲਰ

**ਫ਼ਰੀਦਕੋਟ** । ਕ੍ਰਿਸ਼ਨਾ ਵੰਤੀ ਸੇਵਾ ਸੁਸਾਇਟੀ ਰਜਿ ਫਰੀਦਕੋਟ ਦੇ ਸੀਨੀਅਰ ਮੈਂਬਰ ਅਤੇ ਪ੍ਰਵਾਸੀ ਭਾਰਤੀ ਬਲਵਿੰਦਰ ਸਿੰਘ ਸਰਾਂ ਸਰੀ ਬੀ ਸੀ ਕੈਨੇਡਾ ਨੇ ਆਪਣੇ ਪਿਤਾ ਸਵ: ਸ ਮਨਜੀਤ ਸਿੰਘ ਸਰਾਂ ਦੀ ਨਿੱਘੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਾਜੀਗਰ ਬਸਤੀ ਫ਼ਰੀਦਕੋਟ ਵਿਖੇ ਇੱਕ ਵੱਡਾ ਆਰ. ਓ. ਅਤੇ ਚਿੱਲਰ ਲਗਵਾਇਆ ਗਿਆ।

ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਸੁਰੇਸ਼ ਅਰੋੜਾ ਦੀ ਅਗਵਾਈ ਵਿੱਚ ਸਾਧਾਰਨ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ । ਜਿਸ ਦੇ ਮੁੱਖ ਮਹਿਮਾਨ ਸ ਨਰਿੰਦਰਪਾਲ ਸਿੰਘ ਨਿੰਦਾ ਪ੍ਰਧਾਨ ਨਗਰ ਕੌਂਸਲ ਫ਼ਰੀਦਕੋਟ ਸਨ। ਵਿਸ਼ੇਸ਼ ਮਹਿਮਾਨ ਵਿੱਚ ਸ ਸੁਖਦੇਵ ਸਿੰਘ, ਸ ਹਰਦੇਵ ਸਿੰਘ,ਨੀਟਾ ਸਰਾਂ,ਮੱਘਰ ਸਿੰਘ ਅਤੇ ਕੰਵਲਜੀਤ ਸਿੰਘ ਐਮ. ਸੀ. ਸਨ । ਆਰ. ਓ. ਅਤੇ ਚਿੱਲਰ ਦਾ ਰਸਮੀ ਉਦਘਾਟਨ ਸ ਨਰਿੰਦਰਪਾਲ ਸਿੰਘ ਨਿੰਦਾ ਅਤੇ ਸ ਸੁਖਦੇਵ ਸਿੰਘ ਨੇ ਕੀਤਾ। ਕ੍ਰਿਸ਼ਨਾ ਵੰਤੀ ਸੇਵਾ ਸੁਸਾਇਟੀ ਦੇ ਮੈਂਬਰ ਸ ਭੁਪਿੰਦਰ ਸਿੰਘ ਛੀਨਾ ਨੇ ਸਭਨਾ ਨੂੰ ਜੀ ਆਇਆਂ ਨੂੰ ਕਿਹਾ। ਇਸ ਪ੍ਰੋਜੈਕਟ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਪ੍ਰਿੰਸੀਪਲ ਸੁਰੇਸ਼ ਅਰੋੜਾ ਨੇ ਦੱਸਿਆ ਕਿ ਇਸ ਸਕੂਲ ਵਿੱਚ ਬੱਚਿਆਂ ਦੇ ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ ਸੀ ਅਤੇ ਲੰਮੇ ਸਮੇਂ ਤੋਂ ਅਸੀਂ ਇਸ ਪ੍ਰੋਜੈਕਟ ਨੂੰ ਲਗਾਉਣ ਲਈ 2022 ਤੋਂ ਉਪਰਾਲੇ ਕਰ ਰਹੇ ਸੀ ਪਰ ਸਾਨੂੰ ਵਿਭਾਗ ਵੱਲੋਂ ਸਹਿਯੋਗ ਨਹੀਂ ਮਿਲ ਰਿਹਾ ਸੀ ਜਿਸ ਕਰਕੇ ਇਹ ਪ੍ਰੋਜੈਕਟ ਨੇਪਰੇ ਚਾੜਨ ਵਿੱਚ ਏਨਾ ਲੰਮਾ ਸਮਾਂ





ਲੱਗਿਆ ਅਤੇ ਅੱਜ ਅਸੀਂ ਆਪਣੀ ਸੁਸਾਇਟੀ ਦੇ ਸੀਨੀਅਰ ਮੈਂਬਰ ਸ ਬਲਵਿੰਦਰ ਸਿੰਘ ਸਰਾਂ ਦੇ ਪੂਰਨ ਸਹਿਯੋਗ ਨਾਲ ਅਸੀਂ ਪੂਰਾ ਕਰ ਸਕੇ ਹਾਂ। ਇਸ ਪ੍ਰੋਜੈਕਟ ਦੇ ਲੱਗਣ ਨਾਲ ਸਕੂਲ ਦੇ ਬੱਚਿਆਂ ਨੂੰ ਹੁਣ ਪੀਣ ਵਾਲਾ ਸ਼ੁੱਧ ਅਤੇ ਠੰਡਾ ਪਾਣੀ ਮਿਲੇਗਾ। ਸ਼੍ਰੀ ਅਰੋੜਾ ਨੇ ਦੱਸਿਆ ਕਿ ਸਕੂਲ ਦੇ ਅਧਿਆਪਕਾਂ ਦੇ ਦੱਸਣ ਅਨੁਸਾਰ ਸਕੂਲ ਦੇ ਅਧਿਆਪਕ ਸਕੂਲ ਵਿੱਚ ਬਣਨ ਵਾਲੇ ਮਿਡ ਡੇ ਮੀਲ ਲਈ ਪਾਣੀ ਮੁੱਲ ਖਰੀਦਦੇ ਸਨ। ਇਸ ਪ੍ਰੋਜੈਕਟ ਦੇ ਲੱਗਣ ਨਾਲ ਸਾਰੀਆਂ ਮੁਸ਼ਕਿਲਾਂ ਦਾ ਹੱਲ ਹੋ ਗਿਆ। ਬੱਚਿਆਂ ਨੂੰ ਪੂਰਾ ਚਾਅ ਚੜ੍ਹਿਆ ਹੋਇਆ ਸੀ ਜਿਸ ਤਰਾਂ ਉਹਨਾ ਨੂੰ ਕੋਈ ਬਹੁਤ ਵੱਡੀ ਚੀਜ਼ ਮਿਲ ਗਈ ਹੋਵੇ। ਸ਼੍ਰੀ ਸੁਰੇਸ਼ ਅਰੋੜਾ ਨੇ ਇਹ ਵੀ ਦੱਸਿਆ ਕਿ ਭਵਿੱਖ ਵਿੱਚ ਬਹੁਤ ਜਲਦੀ ਫਰੀਦਕੋਟ ਦੀ ਸਾਂਝੀ ਥਾਂ ਤੇ ਬਾਬਾ ਫਰੀਦ ਸੁਸਾਇਟੀ ਸਰੀ. ਬੀ. ਸੀ. ਕੈਨੇਡਾ ਦੇ ਸਹਿਯੋਗ ਨਾਲ ਵੱਡਾ ਆਰ. ਓ. ਅਤੇ ਚਿੱਲਰ ਲਗਾਇਆ ਜਾ ਰਿਹਾ ਹੈ।ਮੁੱਖ ਮਹਿਮਾਨ ਸ ਨਰਿੰਦਰ ਪਾਲ ਸਿੰਘ ਨਿੰਦਾ ਪ੍ਰਧਾਨ ਨਗਰ ਕੌਂਸਲ ਫਰੀਦਕੋਟ ਨੇ ਸਰਾਂ ਪਰਿਵਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪਰਿਵਾਰ ਮੁੱਢ ਤੋਂ ਹੀ ਸਮਾਜ ਸੇਵਾ ਕਰ ਰਿਹਾ ਹੈ ਅਤੇ ਇਹ ਪੂਰਾ ਪਰਿਵਾਰ ਸਮਾਜ ਸੇਵੀ ਪਰਿਵਾਰ ਹੈ।ਇਸ ਪਰਿਵਾਰ ਵੱਲੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਸਰਕਾਰੀ ਬਲਬੀਰ ਸੀਨੀਅਰ ਸੈਕੰਡਰੀ ਫਰੀਦਕੋਟ ਵਿਖੇ ਆਮ ਲੋਕਾਂ ਦੀ ਸਹੂਲਤ ਲਈ ਵੱਡੇ ਵਾਟਰ ਕੂਲਰ ਲਗਾਏ ਗਏ ਹਨ ਅਤੇ ਸਰਕਾਰੀ ਮਿਡਲ ਸਕੂਲ ਮੁਹੱਲਾ ਖੋਖਰਾਂ ਵਿਖੇ ਵੱਡਾ ਆਰ ਓ ਅਤੇ ਚਿੱਲਰ ਲਗਾਇਆ ਗਿਆ ਹੈ ਇਸ ਪਰਿਵਾਰ ਦੀ ਫਰੀਦਕੋਟ ਨੂੰ ਬਹੁਤ ਵੱਡੀ ਦੇਣ ਹੈ। ਵਾਰਡ ਦੇ ਐਮ .ਸੀ. ਕੰਵਲਜੀਤ ਸਿੰਘ ਨੇ ਮੁੱਖ ਮਹਿਮਾਨ ਅਤੇ ਸਰਾਂ ਪਰਿਵਾਰ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ। ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਸਕੂਲ ਅਧਿਆਪਕ ਭਾਰਤ ਭੂਸ਼ਣ ਅਤੇ ਜਤਿੰਦਰ ਸਿੰਘ ਦਾ ਅਹਿਮ ਯੋਗਦਾਨ ਰਿਹਾ।

# ਅੱਪਰਾ-ਨਗਰ-ਫਿਲੌਰ ਮੁੱਖ ਮਾਰਗ ਦੀ ਹਾਲਤ ਤਰਸਯੋਗ

***ਬਰਸਾਤ ਤੋਂ ਬਾਅਦ ਮੁੱਖ ਮਾਰਗ 'ਚ ਪਏ ਕਈ-ਕਈ ਫੁੱਟ ਡੂੰਘੇ ਟੋਏ*ਮੁੱਖ ਮਾਰਗ 'ਤੇ ਖਾਨਪੁਰ ਨਹਿਰ 'ਤੇ ਬਣਿਆ ਪੁਲ ਵੀ ਬਣਿਆ ਇਲਾਕੇ ਦਾ ਸੱਭ ਤੋਂ ਵੱਡਾ 'ਸਪੀਡ ਬ੍ਰੇਕਰ'*ਆਮ ਲੋਕਾਂ ਦਾ ਲੰਘਣਾ ਹੋਇਆ ਮੁਹਾਲ**

**ਫਿਲੌਰ/ਅੱਪਰਾ, (ਦੀਪਾ)-** ਸਥਾਨਕ ਅੱਪਰਾ ਤੋਂ ਵਾਇਆ ਨਗਰ ਫਿਲੌਰ ਮੁੱਖ ਮਾਰਗ ਦੀ ਹਾਲਤ ਬਦ ਤੋਂ ਬਦਤਰ ਤੇ ਬੇਹੱਦ ਤਰਸਯੋਗ ਹੋ ਚੁੱਕੀ ਹੈ । ਪਿਛਲੇ ਕਈ ਦਿਨਾਂ ਤੋਂ ਪਏ ਭਾਰੀ ਮੀਂਹ ਦੇ ਕਾਰਣ ਸੜਕ ਦੇ ਵਿਚਕਾਰ ਥਾਂ-ਥਾਂ ਕਈ ਕਈ ਫੁੱਟ ਡੂੰਘੇ ਟੋਏ ਪੈ ਚੁੱਕੇ ਹਨ, ਜਿਸ ਕਾਰਣ ਸੜਕ ਬੁਰੀ ਤਰਾਂ ਟੁੱਟ ਚੁੱਕੀ ਹੈ । ਸੜਕ ਦੇ ਵਿਚਕਾਰ ਪਏ ਟੋਇਆ ਦੇ ਕਾਰਣ ਕੰਮਾਂ-ਕਾਰਾਂ ਲਈ ਫਿਲੌਰ ਤੇ ਲੁਧਿਆਣਾ ਜਾਣ ਵਾਲੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਇਲਾਕਾ ਵਾਸੀਆਂ ਦੀ ਮੰਗ ਹੈ ਕਿ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਬਣੀ ਇਸ ਸੜਕ ਦੀ ਜਲਦ ਤੋਂ ਜਲਦ ਮੁਰੰਮਤ ਕੀਤੀ ਜਾਵੇ ਤਾਂ ਕਿ ਆਮ ਲੋਕ ਸੁੱਖ ਦਾ ਸਾਹ ਲੈ ਸਕਣ ।

*ਮੁੱਖ ਮਾਰਗ 'ਤੇ ਖਾਨਪੁਰ ਨਹਿਰ 'ਤੇ ਬਣਿਆ ਪੁਲ ਵੀ ਬਣਿਆ ਇਲਾਕੇ ਦਾ ਸੱਭ ਤੋਂ ਵੱਡਾ 'ਸਪੀਡ ਬ੍ਰੇਕਰ'*-ਅੱਪਰਾ-ਨਗਰ-ਫਿਲੌਰ ਮੁੱਖ ਮਾਰਗ 'ਤੇ ਪਿੰਡ ਖਾਨਪੁਰ ਨਹਿਰ 'ਤੇ ਬਣਿਆ ਨਵਾਂ ਪੁਲ ਵੀ ਇਲਾਕੇ ਦਾ ਸੱਭ ਤੋਂ ਵੱਡਾ 'ਸਪੀਡ ਬ੍ਰੇਕਰ' ਬਣ ਚੁੱਕਾ ਹੈ । ਸੰਬੰਧਿਤ ਵਿਭਾਗ ਵਲੋਂ ਕੁਝ ਸਮਾਂ ਪਹਿਲਾਂ ਕੀ ਕਰੋੜਾਂ ਰੁਪਏ ਦੀ ਲਾਗਤ ਨਾਲ ਨਹਿਰ 'ਤੇ ਨਵਾਂ ਪੁਲ ਬਣਾਇਆ ਗਿਆ, ਪਰੰਤੂ ਪੁਲ ਦੀ ਢਾਲਾਨ ਨੂੰ ਮੁੱਖ ਸੜਕ ਦੇ ਨਾਲ ਸਹੀ ਤਰੀਕੇ ਨਾਲ ਮਿਲਾਇਆ ਜਾਂ ਜੋੜਿਆ ਨਹੀਂ ਗਿਆ । ਜਿਸ ਕਾਰਣ ਇਸ ਪੁਲ 'ਤੇ ਵਾਹਨਾਂ ਦੇ ਚੜਦੇ ਸਮੇਂ ਤੇ ਉਤਰਦੇ ਸਮੇਂ ਭਾਰੀ ਤੇ ਵੱਡੀ ਠੋਕਰ ਵੱਜਦੀ ਹੈ । ਜਿਸ ਕਾਰਣ ਵਾਹਨ ਚਾਲਕਾਂ ਨੂੰ ਪਹਿਲਾਂ ਤੋਂ ਹੀ ਆਪਣੇ ਵਾਹਨਾਂ ਦੀ ਸਪੀਡ ਨੂੰ ਘੱਟ ਕਰਨਾ ਪੈਂਦਾ ਹੈ । ਇਲਾਕਾ ਵਾਸੀਆਂ ਦੀ ਮੰਗ ਹੈ ਕਿ ਉਕਤ ਪੁਲ ਦੇ ਦੋਵੇਂ ਪਾਸਿਆਂ ਨੂੰ ਪ੍ਰਮਿਕਸ ਪਾ ਕੇ ਸਹੀ ਤਰੀਕੇ ਨਾਲ ਸੜਕ ਨਾਲ ਮਿਲਾਇਆ ਜਾਵੇ ।







# ਸ਼ੁਸ਼ੀਲ ਕੌਸ਼ਲ ਨੇ ਕੁਲਦੀਪ ਸਿੰਘ ਟੀਟੂ ਨੂੰ ਐਸੀ ਵਿੰਗ ਦਾ ਪ੍ਰਧਾਨ ਲੱਗਣ ਤੇ ਦਿੱਤੀਆਂ ਮੁਬਾਰਕਾਂ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਆਮ ਆਦਮੀ ਪਾਰਟੀ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੰਗਠਨਾਤਮਕ ਢਾਂਚੇ ਦਾ ਵਿਸਥਾਰ ਕਰਦੇ ਹੋਏ ਕੁਲਦੀਪ ਸਿੰਘ ਟੀਟੂ ਨੂੰ ਐਸਸੀ ਵਿੰਗ ਹਲਕਾ ਬਲਾਚੌਰ ਦਾ ਕੋਆਰਡੀਨੇਟਰ ਨਿਯੁਕਤ ਕਰਨ ਲਈ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਸ਼ੀਲਾ ਕੌਸ਼ਲ ਲਾਡੀ ਰਾਣਾ ਨੇ ਪਾਰਟੀ ਦੀ ਪੂਰੀ ਲੀਡਰਸ਼ਿਪ ਦਾ ਤਹਿ-ਦਿਲੋਂ ਧੰਨਵਾਦ ਕੀਤਾ ਅਤੇ ਸਰੋਪਾ ਪਾ ਕੇ ਵਧਾਈਆਂ ਦਿੱਤੀਆਂ। ਇਸ ਮਹੱਤਵਪੂਰਨ ਜਿੰਮੇਵਾਰੀ ਲਈ ਕੁਲਦੀਪ ਸਿੰਘ ਨੂੰ ਦਿਲੋਂ ਬਹੁਤ-ਬਹੁਤ ਮੁਬਾਰਕਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਪਾਰਟੀ ਵੱਲੋਂ ਸੌਂਪੀ ਗਈ ਇਸ ਜ਼ਿੰਮੇਵਾਰੀ ਨੂੰ ਇਮਾਨਦਾਰੀ, ਤਨਦੇਹੀ ਅਤੇ ਮਿਹਨਤ ਨਾਲ ਨਿਭਾਉਗੇ। ਵਾਹਿਗੁਰੂ ਤੁਹਾਨੂੰ ਹਮੇਸ਼ਾ ਚੜ੍ਹਦੀ ਕਲਾ, ਖੁਸ਼ਹਾਲੀ ਬਖਸ਼ੇ। ਸੁਸ਼ੀਲ ਕੌਸਲ ਲਾਡੀ ਰਾਣਾ ਨੇ ਦੱਸਿਆ ਕਿ ਇਹ ਉਹਨਾਂ ਦੀ ਲੰਮੇ ਸਮੇਂ ਤੋਂ ਕੀਤੀ ਕਾਢੀ ਮਿਹਨਤ, ਨੌਜਵਾਨਾਂ ਨਾਲ ਡੂੰਘੇ ਜੋੜ, ਸਮਾਜ ਪ੍ਰਤੀ ਫ਼ਰਜ਼ ਨਿਭਾਉਂਦੇ ਯੋਗਦਾਨ ਅਤੇ ਲੋਕਾਂ ਦੇ ਭਰੋਸੇ ਦਾ ਸਿੱਧਾ ਨਤੀਜਾ ਹੈ।ਲਾਡੀ ਰਾਣਾ ਨੇ ਕਿਹਾ ਕਿ ਕੁਲਦੀਪ ਹਮੇਸ਼ਾਂ ਨੌਜਵਾਨਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ



ਹੱਕਾਂ ਲਈ ਅਡਿੱਗ ਰਹੇ ਹਨ। ਉਹਨਾਂ ਨੇ ਭਰੋਸਾ ਜ਼ਾਹਰ ਕੀਤਾ ਕਿ ਭਵਿੱਖ ਵਿੱਚ ਵੀ ਕੁਲਦੀਪ ਹਲਕੇ ਦੇ ਹਰ ਪਿੰਡ ਦੇ ਵਿਕਾਸ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਰਹਿਣਗੇ ਅਤੇ ਨੌਜਵਾਨਾਂ ਦੇ ਸੁਨਹਿਰੇ ਭਵਿੱਖ ਦੀ ਨੀਂਹ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਸੁਸ਼ੀਲ ਕੌਸ਼ਲ ਨੇ ਉਨ੍ਹਾਂ ਨੂੰ ਨਵੇਂ ਅਹੁਦੇ ’ਤੇ ਚਾਰਜ ਸੰਭਾਲਣ ਲਈ ਸ਼ੁਭਕਾਮਨਾਵਾਂ ਦਿੰਦਿਆ ਕਿਹਾ ਕਿ ਇਹ ਹਲਕੇ ਲਈ ਵੀ ਮਾਣ ਦੀ ਗੱਲ ਹੈ ਕਿ ਯੂਥ ਆਗੂ ਸਮਾਜ ਅਤੇ ਖੇਤਰ ਦੀ ਖੁਸ਼ਹਾਲੀ ਲਈ ਦ੍ਰਿੜ੍ਹ ਸੰਕਲਪ ਨਾਲ ਅੱਗੇ ਵੱਧ ਰਿਹਾ ਹੈ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਸੇਠੀ ਉਧਨਵਾਲ, ਹਨੀ ਯੋਗੇਵਾਲ ,ਗੋਪੀ ਬਲਾਚੌਰ, ਵਿਸ਼ੂ ਰਾਣਾ ,ਅਜੇ ਚੌਧਰੀ ਬਿਟੂ, ਅਜੇ ਰਾਣਾ ਬਿਟੂ ਆਦਿ ਹਾਜਰ ਸਨ।

# ਸੁਪਰਡੈਂਟ ਸੰਜੀਵ ਕੁਮਾਰ ਨੇ ਮੇਨ ਸੁਪਰਡੈਂਟ ਦਾ ਅਹੁੱਦਾ ਸੰਭਾਲਿਆ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਪਿਛਲੇ ਲੱਗ ਭੱਗ ਤਿੰਨ ਸਾਲ ਤੋ ਸਿਵਲ ਸਰਜਨ ਦਫਤਰ ਵਿੱਚ ਕੋਈ ਵੀ ਪੱਕੇ ਤੋਰ ਤੇ ਸੁੰਪਰਡੈਟ ਨਹੀ ਸੀ ਤੇ ਮੇਨ ਸੁਪਰਡੈਟ ਦਾ ਅਹੁਦਾ ਖਾਲੀ ਪਿਆ ਸੀ ਤੇ ਪੰਜਾਬ ਸਰਕਾਰ ਵੱਲੋ ਸਿਵਲ ਸਰਜਨ ਦਫਤਰ ਹੁਸ਼ਿਆਰਪੁਰ ਦੇ ਹੀ ਸੀਨੀਅਰ ਸਹਾਇਕ ਸੰਜੀਵ ਕੁਮਾਰ ਨੂੰ ਤਰੱਕੀ ਦੇ ਕੇ ਸੰਪੂਰਡੈਟ ਬਣਾ ਦਿੱਤਾ ਗਿਆ । ਇਹਨਾ ਦੇ ਬਣਨ ਨਾਲ ਆਮ ਲੋਕਾ ਦੇ ਅਤੇ ਦਫਤਰ ਦੇ ਕੰਮ ਵੀ ਹੁਣ ਸੰਚਾਰੂ ਢੰਗ ਨਾਲ ਹੋਣਗੇ । ਇਸ ਮੋਕੇ ਸੁਪਰਡੈਟ ਸੰਜੀਵ ਕੁਮਾਰ ਨੇ ਦੱਸਿਆ ਕਿ 2017 ਤੋ ਸੀਨੀਅਰ ਸਹਾਇਕ ਰਿਹਾ ਤੇ ਹੁਣ ਪੰਜਾਬ ਸਰਕਾਰ ਵੱਲੋ ਗ੍ਰੇਡ - 2 ਸੁਪਰਡੈਟ ਦਾ ਅਹੁਦਾ ਸੰਭਾਲ ਲਿਆ ਹੈ ਤੇ ਮੈ ਪੰਜਾਬ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾ ਕਿ ਉਹਨਾ ਵੱਲੋ ਮੈਨੂੰ ਮੇਰੇ ਸ਼ਹਿਰ ਵਿੱਚ ਮੈਨੂੰ ਅਹੁਦਾ ਸੰਭਾਲਣ ਦਾ ਮੋਕਾ ਦਿੱਤਾ ਹੈ । ਇਸ ਮੋਕੇ, ਸੁਪਰਡੈਟ ਸੰਜੇ ਕੁਮਾਰ ਸਰਮਾਂ ਈ.ਐਸ.ਆਈ, ਧਰਮਿੰਦਰ ਕੁਮਾਰ, ਬੰਬਨ ਕੁਮਾਰ , ਪਰਮਜੀਤ ਕੋਰ , ਆਸ਼ਾ ਰਾਣੀ , ਰੀਧੂ , ਰੁਪਿੰਦਰ ਕੋਰ, ਰਾਣੀ , ਸੈਨਟਰੀ ਇਨੰਸਪੈਕਟਰ ਹਰਰੂਪ ਕੁਮਾਰ ਸ਼ਰਮਾਂ ਤੇ ਗੁਰਵਿੰਦਰ ਸ਼ਾਨੇ ਹਾਜਰ ਸਨ । **ਫੋਟੋ ਅਜਮੇਰ ਦੀਵਾਨਾ**

# ਦੀਵਾਲੀ ਮੇਲੇ ਚ ਸ਼ਾਨਦਾਰ ਬਹੁ-ਸੱਭਿਆਚਾਰਕ ਪ੍ਰਦਰਸ਼ਨ ਉੱਘੇ ਗਾਇਕ ਹਰਸ ਦਿਓਗਨ ਨੇ ਚੋਟੀ ਦੇ ਗੀਤਾਂ ਨਾਲ ਲਾਈਆਂ ਖੂਬ ਰੌਣਕਾਂ

**ਐਡੀਲੇਡ (ਹਰਜਿੰਦਰ ਪਾਲ ਛਾਬੜਾ)** ਦੀਵਾਲੀ ਮੇਲੇ ਦੀ ਟੀਮ ਦੇਸੀ ਸਵੈਗ ਵੱਲੋਂ ਮੁੱਖ ਪ੍ਰਬੰਧਕ ਕਰਮਜੀਤ ਸਿੰਘ ਚਾਹਲ, ਬਲਜੀਤ ਬਾਛਲ,ਜਗਦੀਪ ਭੰਗੂ,ਰਾਜਵੀਰ ਸਿੰਘ ਰੂਪਰਾਏ,ਦੀਪ ਖਰੌਦ,ਵੱਲੋਂ ਦੀਵਾਲੀ ਮੇਲੇ ਦੀ ਪੂਰੀ ਟੀਮ ਵੱਲੋਂ ਮੇਲੇ ਦੀ ਯੋਜਨਾਬੰਦ ਪੇਸ਼ਕਾਰੀ ਕਰਨ ਚ ਕਾਮਯਾਬੀ ਹਾਸਲ ਕੀਤੀ।ਆਯੋਜਿਤ ਦਿਵਾਲੀ ਮੇਲਾ ਵੱਡੇ ਪੱਧਰ ਦੇ ਖੇਡ ਤੇ ਸੱਭਿਆਚਾਰਕ ਸਮਾਰੋਹ ਵਜੋਂ ਸਾਹਮਣੇ ਆਇਆ। ਦੀਵਾਲੀ ਮੇਲੇ ਵਿੱਚ ਸੱਭਿਆਚਾਰਕ ਰੌਣਕ, ਭੰਗੜਾ, ਗਿੱਧਾ, ਪੰਜਾਬੀ ਖਾਣੇ, ਤੇ ਗਾਇਕੀ, ਦੇਸੀ ਸਵੈਗ ਵੱਲੋਂ ਦਰਸ਼ਕਾਂ ਲਈ ਪੰਜਾਬੀ ਰਵਾਇਤੀ ਸੁਆਦ ਨਾਲ ਭਰਪੂਰ ਖਾਣ-ਪੀਣ ਦੇ ਸਟਾਲ, ਕੁਰਸੀ ਰੇਸ, ਕਲਾ ਪ੍ਰਦਰਸ਼ਨ, ਤੇ ਹੋਰ ਰੌਚਕ ਗਤਿਵਿਧੀਆਂ ਦਾ ਪ੍ਰਬੰਧ ਕੀਤਾ ਗਿਆ।ਉੱਘੇ ਗਾਇਕ ਹਰਸ ਦਿਓਗਨ ਨੇ ਆਪਣੇ ਪ੍ਰਸਿੱਧ ਗੀਤਾਂ ਰਾਹੀਂ ਸਰੋਤਿਆਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਵਾਰ ਦੀਵਾਲੀ ਮੇਲੇ ਵਿਚ ਦਰਸ਼ਕਾਂ ਦਾ ਪਹਿਲਾਂ ਨਾਲੋ ਭਾਰੀ ਇਕੱਠ ਹੋਇਆ।ਐਡੀਲੇਡ ਦੀਵਾਲੀ ਮੇਲਾ ਆਸਟ੍ਰੇਲੀਆ ਦੇ



ਸਭ ਬਹੁ-ਸੱਭਿਆਚਾਰਕ ਜਸ਼ਨਾਂ ਵਿੱਚੋਂ ਇੱਕ ਬਣ ਗਿਆ । ਇਸ ਵਾਰ ਦੀਵਾਲੀ ਮੇਲੇ ਵਿਚ ਦਰਸ਼ਕਾਂ ਦਾ ਪਹਿਲਾ ਨਾਲੋ ਭਾਰੀ ਇਕੱਠ ਹੋਇਆ।ਮਾਣਯੋਗ ਜੋਏ ਬੈਟੀਸਨ ਦੱਖਣੀ ਆਸਟ੍ਰੇਲੀਆ ਵਿੱਚ ਸੈਰ-ਸਪਾਟਾ ਅਤੇ ਬਹੁ-ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ, ਮਾਨਯੋਗ ਜਿੰਗ ਲੀ, ਐਮ ਐਲ ਸੀ, ਮਾਨਯੋਗ ਹੈਡੀ ਜਿਰੋਲਾਮੋ ਐਮ ਐਲ ਸੀ,ਅਮਰਜੀਤ ਸਿੰਘ ਗਰੇਵਾਲ ਡਿਪਟੀ ਚੇਅਰਮੈਨ ਸਮੇਤ ਪਰਮੁਖ ਰਾਜਨੀਤਕ ਸਮਾਜਿਕ ਸਖਸੀਅਤਾ ਨੇ ਸਿਰਕਤ ਕੀਤੀ ਇਨਾਮ -ਮਾਨ ਸਨਮਾਨ ਕਰਦਿਆ ਸਭਨਾ ਨੂੰ ਦੀਵਾਲੀ ਦੇ ਤਿਉਹਾਰ ਤੇ ਸਫਲ ਮੇਲੇ ਦੀਆ ਵਧਾਈਆਂ ਦਿੱਤੀਆ। ਸਟੇਜ ਤੋਂ ਲਾਈਵ ਪੇਸ਼ਕਾਰੀਆਂ ਜਗਰੂਪ ਸਿੰਘ ਬੁੱਟਰ, ਅਮਨਦੀਪ ਕੌਰ ਅਤੇ ਰਵਿੰਦਰ ਸਿੰਘ ਸਰਾਭਾ ਵੱਲੋਂ ਕਰਵਾਈਆਂ ਗਈਆਂ, ਜੋ ਹਰ ਪੱਖੋਂ ਸਰਾਹਣਯੋਗ ਰਹੀਆਂ।ਭਾਈਚਾਰੇ ਦੀ ਭਰਪੂਰ ਹਾਜ਼ਰੀ ਤੇ ਪ੍ਰਬੰਧਕਾਂ ਵਲੋਂ ਧੰਨਵਾਦ ਕੀਤਾ।ਇਸ ਮੇਲੇ ਵਿੱਚ ਐਡੀਲੇਡ ਅਤੇ ਆਲੇ ਦੁਆਲੇ ਵੱਸਦੇ ਭਾਈਚਾਰੇ ਨੇ ਵੱਡੀ ਗਿਣਤੀ ਵਿੱਚ ਪਰਿਵਾਰ ਸਮੇਤ ਹਿੱਸਾ ਲਿਆ।ਪ੍ਰਬੰਧਕਾਂ ਵੱਲੋਂ “ਜੀ ਆਇਆਂ ਨੂੰ ਆਖਦੇ ਹੋਏ ਹਾਜ਼ਰ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

for more news visit:
www.samajweekly.com

# 9 ਅਕਤੂਬਰ ਦੀ ਰੈਲੀ ਦੇ ਸਬੰਧ ਵਿੱਚ ਬੰਗਾ ਵਿਖੇ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ : ਕਰੀਮਪੁਰੀ

## ਗੱਡੀਆਂ ਭਰ ਭਰ ਕੇ ਲੈਕੇ ਆਵਾਂਗੇ –ਪ੍ਰਵੀਨ ਬੰਗਾ





**ਬੰਗਾ( ਚਰਨਜੀਤ ਸੱਲ੍ਹਾਂ )** ਵਿਧਾਨਸਭਾ ਹਲਕਾ ਬੰਗਾ ਤੇ ਬਲਾਚੌਰ ਬਸਪਾ ਲੀਡਰਸ਼ਿਪ ਨਾਲ ਮੀਟਿੰਗ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਮੀਟਿੰਗ ਵਿੱਚ ਵਿਸ਼ੇਸ਼ ਤੋਰ ਤੇ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਰਾਜਸਭਾ ਪਹੁੰਚੇ ਮੀਟਿੰਗ ਵਿੱਚ , ਬਾਮਸੇਫ ਡੀ ਐਸ ਫੋਰ ਤੇ ਬਸਪਾ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ ਤੇ 9 ਅਕਤੂਬਰ ਨੂੰ ਫਿਲੋਰ ਵਿਖੇ ਬਸਪਾ ਪੰਜਾਬ ਵਲੋਂ ਤਖਤ ਬਦਲ ਦਿਉ ਤਾਜ ਬਦਲ ਦਿਉ ਵਿਸ਼ਾਲ ਮਹਾਂ ਰੈਲੀ ਦੀ ਤਿਆਰੀ ਦਾ ਜਾਇਜ਼ਾ ਲਿਆ ਤੇ ਰੈਲੀ ਦੀ ਤਿਆਰੀ ਸੰਬਧੀ ਲੀਡਰਸ਼ਿਪ ਦੀਆਂ ਡਿਊਟੀਆਂ ਲਗਾਈਆਂ ਅਤੇ ਹਰੇਕ ਪਿੰਡ ਵਿੱਚ ਜਾਕੇ ਲੋਕਾਂ ਨੂੰ ਇਹ ਸੁਨੇਹਾ ਦਿਓ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਨਮਾਨ ਵਿੱਚ ਬੀ ਐੱਸ ਪੀ ਮੈਦਾਨ ਵਿੱਚ ਹੈ ਜਿਨ੍ਹੀਆਂ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਲ ਆਪ ਸਰਕਾਰ ਨੇ ਵਧੀਕੀਆਂ ਕੀਤੀਆਂ ਹਨ ਉਹ ਵਧੀਕੀਆਂ ਵਾਰੇ ਸੰਗਤਾਂ ਨੂੰ ਸੁਚੇਤ ਕਰੋ।ਆਪਣਾ ਸਭ ਤੋਂ ਵੱਡਾ ਰਾਜਨੀਤਕ ਗੁਰੂ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਹੋਏ ਹਨ ਇਸ ਲਈ ਉਨ੍ਹਾਂ ਦਾ ਪ੍ਰੀਨਿਰਵਾਣ ਦਿਵਸ ਇਸ ਵਾਰ ਫਿਲੌਰ ਵਿਖੇ ਮਨਾਇਆ ਜਾਵੇਗਾ ਮੀਟਿੰਗ ਵਿੱਚ ਬਸਪਾ ਆਗੂ ਪ੍ਰਵੀਨ ਬੰਗਾ ਬਸਪਾ ਨੇ ਗੱਡੀਆਂ ਭਰ ਭਰ ਕੇ ਲੈਕੇ ਆਵਾਂਗੇ ਫਿਲੌਰ ਵਿਖੇ ਅਤੇ ਵੱਧ ਤੋਂ ਵੱਧ ਮੀਟਿੰਗਾ ਕਰਕੇ ਲੋਕਾਂ ਨੂੰ ਸੁਚੇਤ ਕਰਾਂਗੇ ਅਤੇ ਆਪ ਦੀ ਸਰਕਾਰ ਵਾਰੇ ਕੱਚਾ ਚਿੱਠਾ ਖੋਲਾਂਗੇ।ਪੰਜਾਬ ਦੇ ਸਕੱਤਰ ਦਿਲਬਾਗ ਮੈਂਹਦੀਪੁਰ ਜਿਲਾ ਕੋਆਰਡੀਨੇਟਰ ਮਨੋਹਰ ਕਮਾਮ ਇੰਚਾਰਜ ਹਲਕਾ ਬੰਗਾ ਜਿਲਾ ਕੋਆਰਡੀਨੇਟਰ ਭੁਪਿੰਦਰ ਬੇਗਮਪੁਰੀ ਇੰਚਾਰਜ ਹਲਕਾ ਬਲਾਚੌਰ ਜਿਲਾ ਜਨਰਲ ਸਕੱਤਰ ਹਰਬਲਾਸ ਬਸਰਾ ਜੀ ਜਿਲਾ ਜਥੇਬੰਦਕ ਸੱਕਤਰ ਵਿਜੇ ਕੁਮਾਰ ਗੁਣਾਚੌਰ ਜਿਲਾ ਸਕੱਤਰ ਸੋਮ ਨਾਥ ਰਟੈਂਡਾ ਜਿਲਾ ਯੂਥ ਇੰਚਾਰਜ ਕੁਲਦੀਪ ਬਹਿਰਾਮ ਬਲਾਚੌਰ ਹਲਕੇ ਦੇ ਪ੍ਰਧਾਨ ਚਰਨਜੀਤ ਸੁਮਨ ਬੰਗਾ ਹਲਕੇ ਦੇ ਜਨਰਲ ਸਕੱਤਰ ਚਰਨਜੀਤ ਮੰਢਾਲੀ ਹਲਕਾ ਕੈਸ਼ੀਅਰ ਸਤਪਾਲ ਔੜ, ਗਿਆਨ ਚੰਦ ਰਿਟਾਇਰ ਬੀ ਪੀਉ ਸੁਰਿੰਦਰ ਛੀਂਹਮਾਰ ਸਹਿਰੀ ਪ੍ਰਧਾਨ ਬਲਾਚੌਰ, ਹਰਜਿੰਦਰ ਲੱਦੜ ਸ਼ਹਿਰੀ ਪ੍ਰਧਾਨ ਬੰਗਾ ਮਲਕੀਤ ਮੰਢਾਲੀ ਜੀ ਪਰਕਾਸ਼ ਬੈਂਸ, ਨਿਰਮਲ ਸਲਣ, ਮਹਿੰਦਰ ਪਾਲ ਬੈਂਸ ਮੰਢਾਲੀ ਸੇਕਣ ਲਾਲ ਰਟੈਂਡਾ, ਪਰਕਾਸ਼ ਫਰਾਲਾ, ਰਣਜੀਤ ਝਿੰਗੜਾਂ, ਭਲਵਾਨ ਜਗਦੀਸ਼ ਗੁਰੂ ਗੁਣਾਚੌਰ ਗੁਰਦਿਆਲ ਚਕਮੰਢੇਰ, ਦੇਸ ਰਾਜ ਬਸਰਾ ਜੀ, ਦੁਨੀ ਚੰਦ ਬੁਰਜ ਕੰਧਾਰੀ, ਪਰਮਜੀਤ ਮਹਿਰਮਪੁਰ, ਚਰਨਜੀਤ ਸੱਲਾਂ, ਕੁੰਦਨ ਰਾਜ ਜੀ ਰਕੇਸ਼ ਕੁਲਥਮ, ਤੋ ਇਲ-ਾਵਾ ਲੀਡਰਸ਼ਿਪ ਮੀਟਿੰਗ ਵਿੱਚ ਸ਼ਾਮਿਲ ਹਈ ਬਸਪਾ ਵਰਕਰਾਂ ਤੇ ਸਮਰਥਕਾਂ ਨੇ ਜਿਲੇ ਚੋ ਵਡੀ ਗਿਣਤੀ ਵਿੱਚ ਰੈਲੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਮਿਸ਼ਨਰੀ ਗਾਇਕ ਰੂਪ ਲਾਲ ਧੀਰ ਨੇ ਆਪਣੇ ਗੀਤ ਰਾਹੀਂ ਅਦਲੀਆ ਬਦਲੀਆਂ ਸਬੰਧੀ ਗਾਇਆ।

# ਰਾਏਕੋਟ ਪੁਲਿਸ ਵਲੋਂ ਡੀ.ਐਸ.ਪੀ ਹਰਜਿੰਦਰ ਸਿੰਘ ਦੀ ਅਗਵਾਈ ’ਚ ਸ਼ਹਿਰ ਵਿੱਚ ਫਲੈਗ ਮਾਰਚ ਕੱਢਿਆ ਗਿਆ



**ਰਾਏਕੋਟ, ਅਕਤੂਬਰ (ਗੁਰਭਿੰਦਰ ਗੁਰੀ)** ਤਿਉਹਾਰੀ ਸੀਜ਼ਨ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਚਾਕ ਚੌਬੰਦ ਕਰਨ ਦੇ ਮੰਤਵ ਨਾਲ ਸਥਾਨਕ ਪੁਲਿਸ ਵਲੋਂ ਡੀ.ਐਸ.ਪੀ ਹਰਜਿੰਦਰ ਸਿੰਘ ਦੀ ਅਗਵਾਈ ’ਚ ਸ਼ਹਿਰ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਹ ਫਲੈਗ ਮਾਰਚ ਥਾਣਾ ਸਿਟੀ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ ਵੱਖ ਚੌਂਕਾਂ ਅਤੇ ਬਜ਼ਾਰਾਂ ਵਿੱਚ ਦੀ ਕੱਢਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਡੀ.ਐਸ.ਪੀ ਹਰਜਿੰਦਰ ਸਿੰਘ ਨੇ ਦੱਸਿਆ ਕਿ ਦੁਸਹਿਰੇ ਦੇ ਤਿਉਹਾਰ ਸਬੰਧੀ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਅੱਜ ਪੁਲਿਸ ਵਲੋਂ ਸ਼ਹਿਰ ਵਿੱਚ ਇਹ ਫਲੈਗ ਮਾਰਚ ਕੱਢਿਆ ਜਾ ਰਿਹਾ ਹੈ, ਤਾਂ ਜੋ ਕੋਈ ਸ਼ਰਾਰਤੀ ਅਨਸਰ ਤਿਉਹਾਰੀ ਸੀਜ਼ਨ ਦੌਰਾਨ ਕੋਈ ਖਲਲ ਨਾਂ ਪਾ ਸਕੇ ਅਤੇ ਲੋਕ ਤਿਉਹਾਰਾਂ ਦਾ ਬੇਖੌਫ਼ ਹੋ ਕੇ ਆਨੰਦ ਮਾਣ ਸਕਣ। ਉਨ੍ਹਾਂ ਕਿਹਾ ਕਿ ਸ਼ਹਿਰ ਅਤੇ ਇਲ-ਾਕੇ ਵਿੱਚ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸਿਰ ਉਠਾਉਣ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਕੋਈ ਸ਼ੱਕੀ ਵਿਅਕਤੀ ਜਾਂ ਲਵਾਰਿਸ ਵਸਤੂ ਪਈ ਨਜ਼ਰ ਆਉਂਦੀ ਹੈ ਤਾਂ ਉਸ ਬਾਰੇ ਤੁਰੰਤ ਪੁਲਿਸ ਨੂੰ ਸੂਚਨਾਂ ਦਿੱਤੀ ਜਾਵੇ। ਇਸ ਮੌਕੇ ਥਾਣਾ ਸਿਟੀ ਦੇ ਮੁਖੀ ਅਮਰਜੀਤ ਸਿੰਘ, ਥਾਣਾ ਸਦਰ ਦੇ ਇੰਚਾਰਜ ਕੁਲਵਿੰਦਰ ਸਿੰਘ, ਏਐਸਆਈ ਗੁਰਸੇਵਕ ਸਿੰਘ, ਹੌਲਦਾਰ ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ ਗੋਰਾ, ਏ.ਐਸ.ਆਈ ਕੌਰ ਸਿੰਘ, ਅਨਿਲ ਕੁਮਾਰ ਆਦਿ।

# ਬਹੁਜਨ ਸਮਾਜ ਪਾਰਟੀ 9 ਅਕਤੂਬਰ ਨੂੰ ਫਿਲੌਰ ਵਿੱਚ ਕਰੇਗੀ 'ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ : ਡਾ ਨਛੱਤਰ ਪਾਲ ਐਮ ਐਲ ਏ





**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਅੱਜ ਬਹੁਜਨ ਸਮਾਜ ਪਾਰਟੀ ਨਵਾਂਸ਼ਹਿਰ ਦੀ ਮੀਟਿੰਗ ਪਾਰਟੀ ਦੇ ਜਿਲ੍ਹਾ ਦਫ਼ਤਰ ਵਿਖ਼ੇ ਹੋਈ ਜਿਸ ਵਿੱਚ 9 ਅਕਤੂਬਰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀ ਨਿਰਵਾਣ ਦਿਵਸ ਤੇ ਫਿਲੌਰ ਵਿਖੇ ਤਖਤ ਬਦਲ ਦਿਓ ਤਾਜ ਬਦਲ ਦਿਓ ਮਹਾਰੈਲੀ' ਸੂਬਾ ਪੱਧਰ ਤੇ ਰੈਲੀ ਕੀਤੀ ਜਾ ਰਹੀ ਹੈਲ ਜਿਸ ਸਬੰਧੀ ਵਿਧਾਨ ਸਭਾ ਨਵਾਂ ਸ਼ਹਿਰ ਦੀ ਮੀਟਿੰਗ ਸਰਬਜੀਤ ਜਾਫਰ ਪੁਰ ਜਿਲਾ ਪ੍ਰਧਾਨ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਵੱਖ ਵੱਖ ਪਿੰਡਾਂ ਤੋਂ ਆਏ ਹੋਏ ਆਗੂ ਸਾਹਿਬਾਨਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹਰੇਕ ਪਿੰਡ ਤੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ ਇਸ ਮੌਕੇ ਰਸ਼ਪਾਲ ਮਹਾਲੋਂ ਪ੍ਰਧਾਨ ਵਿਧਾਨ ਸਭਾ ਨਵਾਂ ਸ਼ਹਿਰ ਜੀ ਨੇ ਆਏ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ । ਇਸ ਮੌਕੇ ਦਿਲਬਾਗ ਮਹਿੰਦੀ ਪੁ ਰ , ਹ ਰ ਬ ਲਾ ਸ ਬਸਰਾ,ਗੁਰਮੁੱਖ ਨੌਰਥ ਵਾਈਸ ਪ੍ਰਧਾਨ ਨਗਰ ਕੌਂਸਲ,ਗਿਆਨ ਚੰਦ ਰਾਹੋਂ,ਹਰਨਿਰੰਜਨ ਬੇਗਮ-ਪੂਰ, ਅਮਰੀਕ ਸਿੰਘ ਬੰਗਾ,ਅਸ਼ਵਨੀ ਨਵੀ ਅਬਾਦੀ,ਧਰਮ ਪਾਲ SDO,ਚਮਨ ਲਾਲ ਣਸ਼ਧੌ, ਬਲਦੇਵ ਮਾਹੀ, ਮਦਨ ਲਾਲ, ਸੁਰਜੀਤ ਕਰੀਹਾ, ਰਾਜਵੀਰ ਕਹਾਮਾ,ਬਖਸ਼ੀ ਰਾਮ, ਸੁਰਿੰਦਰ ਪਾਲ ਨਵੀ ਅਬਾਦੀ, ਵਕੀਲ ਰਾਜ ਕੁਮਾਰ, ਵਕੀਲ ਮੁਕੇਸ਼ ਬਾਲੀ, ਬਲਵੀਰ ਪੱਲੀ ਝਿੱਕੀ, ਕਰਨੈਲ ਚੜ੍ਹਮਜਾਰਾ, ਹਰਬੰਸ ਜਾਨੀਆ, ਸੂਬੇਦਾਰ ਬਹਿਲੂਰ ਕਲ੍ਹਾ, ਵਿਦੰਰ ਮੰਗੂਵਾਲ, ਸਤਪਾਲ ਚਕਲੀ, ਮਨਪ੍ਰੀਤ ਰਾਏ ਅਤੇ ਹੋਰ ਸਾਥੀ ਵੀ ਮੌਜੂਦ ਸਨ!

# ਵਿਸ਼ਵ ਸ਼ਾਂਤੀ ਲਈ ਨਿੱਜੀਜਾਇਦਾਦ 'ਤੇ ਪਾਬੰਦੀ ਲੱਗੇ-ਬੁੱਧ ਧੱਮ

**ਇੱਕ** ਵਾਰ ਰਾਜਾ ਪ੍ਰਸ਼ੇਨਜਿੱਤ ਦੇ ਕੌਸ਼ਲ ਰਾਜ ਵਿੱਚ ਵਿਦਰੋਹ ਉਠ ਖੜ੍ਹਾ ਹੋਇਆ। ਭੁੱਖੇ ਮਰਦੇ ਲੋਕ ਲੁੱਟਾਂ ਖੋਹਾਂ ਕਰਨ ਲੱਗ ਪਏ। ਰਾਜ ਵਿੱਚ ਚਾਰੇ ਪਾਸੇ ਬਦਅਮਨੀ ਫੈਲ ਗਈ। ਲੋਕ ਸੜਕਾਂ ਉਤੇ ਜਥੇ ਬਣਾਕੇ ਨਾਹਰੇ ਲਾਉਦੇ ਹੋਏ ਆਉਣ- ਰਾਜਨ! ਰੋਟੀ ਦਾ ਪ੍ਰਬੰਧ ਕਰੋ, ਨਹੀ ਤਾਂ ਰਾਜ ਗੱਦੀ ਖਾਲੀ ਕਰੋ! ਲੋਕਾਂ ਦੀਆਂ ਲੋੜਾਂ ਦਾ ਪ੍ਰਬੰਧ ਕਰੋ, ਨਹੀਂ ਤਾਂ ਰਾਜਧਾਨੀ ਘੇਰਾਂਗੇ। (ਜਲੂਸ-ਮੁਜ਼ਾਹਰੇ ਕੱਢ, ਲੋਕ ਰਾਹਾਂ 'ਤੇ ਆ ਬੈਠ ਜਾਂਦੇ।

ਰਾਜਾ ਪ੍ਰਸ਼ੇਨਜਿੱਤ ਨੇ ਆਪਣੇ ਸੈਨਾਪਤੀ ਨੂੰ ਹੁਕਮ ਦਿੱਤਾ ਕਿ ਸੰਘਰਸ਼ ਕਰਦੇ ਲੋਕਾਂ ਉਪਰ ਲਾਠੀ ਚਾਰਜ ਕਰਕੇ ਸੜਕਾਂ ਖਾਲੀ ਕਰਾਈਆਂ ਜਾਣ। ਸੈਨਾਪਤੀ ਨੇ ਸਿਪਾਹੀਓ ਅੱਗੇ ਹੁਕਮ ਦਿੱਤਾ ਕਿ ਲਾਠੀ ਚਾਰਜ ਕਰਕੇ ਤਿਤਾ ਜਾਵੇ। ਸੜਕਾਂ ਖਾਲੀ ਕਰਾਈਆਂ ਜਾਣ। ਪਲਿਸ ਨੇ ਸ਼ੰਘਰਸ਼ ਕਰਦੇ ਲੋਕਾਂ ਉਤੇ ਸਖ਼ਤ ਲਾਠੀ ਚਾਰਜ ਕੀਤਾ ਤਾਂ ਸਭ ਪਾਸੇ ਲੋਕਾਂ ਦਾ ਚੀਖ ਚਿਹਾੜਾ, ਮਾਰ-ਕੁੱਟ, ਹਫਰਾ-ਤਫਰੀ, ਭੱਜ-ਨੱਠ...ਪੁਲਸ ਦੇ ਸਿਪਾਹੀ ਆਗੂਆਂ ਨੂੰ ਫੜ ਫੜ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ।

ਸੈਨਾਪਤੀ ਨੇ ਰਾਜਾ ਨੂੰ ਦੱਸਿਆ ਕਿ ਮਹਾਂਰਾਜ, ਸੜਕਾਂ ਖਾਲੀ ਹੋ ਗਈਆ ਹਨ। ਮੁਖ ਆਗੂ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਹਨ। ਪਰ, ਮਹਾਂਰਾਜ, ਵਿਦਰੋਹ ਤਾਂ ਹੋਰ ਤੋਂ ਹੋਰ ਤੇਜ ਹੁੰਦਾ ਜਾ ਰਿਹਾ ਹੈ। ਮਹਾਂਰਾਜ, ਸੂਹੀਆਂ ਨੇ ਰਿਪੋਰਟ ਦਿੱਤੀ ਹੈ ਕਿ ਵਿਦਰੋਹੀ 10 ਦਿਨ ਬਾਅਦ ਰਾਜਧਾਨੀ ਨੂੰ ਘੇਰਨ ਲਈ ਲੋਕਾਂ ਨੂੰ ਲਾਮਬੰਦ ਕਰ ਕਰ ਰਹੇ ਹਨ। ਵਿਦਰੋਹ ਸ਼ਾਂਤ ਹੁੰਦਾ ਨਹੀਂ ਦਿਸਦਾ।

ਰਾਜਾ ਪ੍ਰਸ਼ੇਨਜਿੱਤ ਨੇ ਸੈਨਾਪਤੀ ਨੂੰ ਕਿਹਾ ਮੈਂ ਤਥਾਗਤ ਬੁੱਧ ਪਾਸ ਜਾਂਦਾ ਹਾਂ, ਉਹ ਵਿਦਰੋਹ ਨੂੰ ਸ਼ਾਤ ਕਰਨ ਲਈ ਜਰੂਰ ਕੋਈ ਰਸਤਾ ਦੱਸਣਗੇ। ਰਾਜਾ ਪ੍ਰਸ਼ੇਨਜਿੱਤ, ਤਥਾਗਤ ਬੁੱਧ ਪਾਸ ਗਿਆ, ਪਹੁੰਚ, ਨਿਮਸਕਾਰ ਕਰ ਬੈਠ ਗਏ।

ਤਥਾਗਤ ਬੁੱਧ ਨੇ ਪੁੱਛਿਆ- ਰਾਜਨ, ਬੜੇ ਪ੍ਰੇਸ਼ਾਨ ਲੱਗਦੇ ਹੋ?

ਪ੍ਰਸੰਨਜਿਤ- ਤਥਾਗਤ! ਮੇਰੇ ਰਾਜ ਵਿੱਚ ਵਿਦਰੋਹ ਉਠ ਖੜ੍ਹਾ ਹੋਇਆ ਹੈ। ਲੋਕ ਜਲੂਸ-ਮੁਜ਼ਾਹਰੇ ਕੱਢ ਰਹੇ ਹਨ। ਕਈ ਆਗੂ ਜੇਲ੍ਹਾਂ ਵਿੱਚ ਵੀ ਡੱਕੇ ਹਨ, ਪਰ ਲੋਕ ਸ਼ਾਂਤ ਨਹੀਂ ਹੋ ਰਹੇ। ਵਿਦਰੋਹ ਨੂੰ ਸ਼ਾਂਤ ਕਰਨ ਲਈ, ਤਥਾਗਤ ਜੀ ਕੋਈ ਉਪਾਅ ਦੱਸੋ ਕਿ ਕੀ ਕੀਤਾ ਜਾਵੇ ਕਿ ਯੁੱਧ ਸ਼ਾਂਤ ਹੋ ਜਾਵੇ।

ਬੁੱਧ- 'ਜਦ ਤੱਕ ਭੁੱਖਾ ਇਨਸਾਨ ਰਹੇਗਾ- ਧਰਤੀ 'ਤੇ ਘਮਸਾਨ ਰਹੇਗਾ'

ਰਾਜਨ, ਰਾਜ ਦੀ ਅਰਥ ਵਿਵਸਥਾ ਦਾ ਸੁਧਾਰ ਕਰੋ। ਲੋਕਾਂ ਨੂੰ ਜੇਲ੍ਹਾਂ ਵਿੱਚ ਡੱਕਣ ਨਾਲ, ਲਾਠੀਆਂ ਮਾਰ ਮਾਰ ਕੁੱਟਣ ਨਾਲ, ਸਰੀਰਕ ਦੰਡ ਦੇਣ ਨਾਲ, ਲੋਕਾਂ ਨੂੰ ਸਜ਼ਾਵਾਂ ਦੇਣ ਨਾਲ, ਅਪਰਾਧਾਂ ਉਤੇ ਕਾਬੂ ਨਹੀਂ ਪਾਇਆ ਜਾ ਸਕਦਾ। ਰਾਜਨ, ਰਾਜ ਵਿੱਚ ਵਿਦਰੋਹ, ਅਪਰਾਧ ਤੇ ਹਿੰਸਾ ਦਾ ਕਾਰਨ ਭੁੱਖ ਅਤੇ ਗਰੀਬੀ ਹੈ।

ਪ੍ਰਸੰਨਜਿਤ- ਤਥਾਗਤ ਜੀ, ਫਿਰ ਕੀ ਕੀਤਾ ਜਾਵੇ?

ਬੁੱਧ- ਰਾਜਨ, ਭੁੱਖ ਤੋਂ ਵੱਧ ਕੇ ਤਾਂ ਕੋਈ ਦੁੱਖ ਨਹੀਂ ਹੈ। ਭੁੱਖ ਮਨੁੱਖ ਦੇ ਸਰੀਰ ਦੀ ਤਾਕਤ ਨੂੰ ਖਤਮ ਕਰ ਦਿੰਦੀ ਹੈ, ਜਿਸ ਨਾਲ ਮਨੁੱਖ ਦੀ ਖੁਸ਼ੀ, ਸ਼ਾਂਤੀ, ਸਿਹਤ ਵਿਗੜ ਜਾਂਦੀ ਹੈ। ਜਦ ਪੇਟ ਵਿੱਚ ਅੰਨ ਨਹੀਂ ਜਾਂਦਾ ਤਾਂ ਭੁੱਖ ਗਰਮੀ ਬਣ ਜਾਂਦੀ ਹੈ, ਪੇਟ ਦੀ ਗਰਮੀ ਜਦ ਭਾਂਬੜ ਬਣ ਜਾਂਦੀ ਹੈ ਤਾਂ ਭੁੱਖਾ ਆਦਮੀ, ਵਿਦਰੋਹ ਕਰ ਦਿੰਦਾ ਹੈ।

ਰਾਜਨ, ਜੇ ਸਾਨੂੰ ਇੱਕ ਵਕਤ ਖਾਣਾ ਨਾ ਮਿਲੇ ਤਾਂ ਅਸੀਂ ਕਿੰਨੇ ਪ੍ਰੇਸ਼ਾਨ ਹੋ ਜਾਂਦੇ ਹਾਂ। ਸਾਨੂੰ ਭੁੱਖੇ ਲੋਕਾਂ ਨੂੰ ਭੁੱਲਣਾ ਨਹੀਂ ਚਾਹੀਦਾ। ਰਾਜਨ, ਰਾਜ ਵਿਵਸਥਾ ਵਿੱਚ ਅਜਿਹੇ ਢੰਗ ਤਰੀਕੇ ਸਾਧਨ ਅਪਣਾਏ ਜਾਣੇ ਕਿ ਕੋਈ ਵੀ ਭੁੱਖਾ ਨਾ ਰਹੇ। ਸ਼ਾਂਤੀ ਲਈ ਨਿੱਜੀਜਾਇਦਾਦ 'ਤੇ ਪਾਬੰਦੀ ਲਾਓ। ਸਮਾਜਿਕ ਸਮਾਨਤਾ ਬਗੈਰ ਗਰੀਬੀ ਖਤਮ ਨਹੀ ਹੋਣੀ।

ਪ੍ਰਸੰਨਜਿਤ- ਤਥਾਗਤ, ਗਰੀਬੀ ਦੇ ਖਾਤਮੇ ਉਪਰੰਤ ਮਨੁੱਖ ਨੂੰ ਕੀ ਲਾਭ ਹੋਵੇਗਾ?

ਬੁੱਧ- ਰਾਜਨ, ਗਰੀਬੀ ਖਤਮ ਹੋਣ ਉਪਰੰਤ ਮਨੁੱਖ ਨੂੰ ਚਾਰ ਪ੍ਰਕਾਰ ਦੇ ਸੁੱਖ ਮਿਲਦੇ ਹਨ।

1. ਪਹਿਲਾ, ਮਨੁੱਖ ਨੂੰ ਸਵੈਮਾਣ ਦੀ ਪ੍ਰਾਪਤੀ ਹੁੰਦੀ ਹੈ ਕਿ ਮੇਰੇ ਪਾਸ ਮਸੀਬਤਾਂ ਮੌਕੇ ਜ਼ਰੂਰਤਾਂ ਲਈ ਧੰਨ ਹੈ।
2. ਦੂਜਾ, ਉਹ ਆਪਣੇ ਧੰਨ ਨਾਲ ਜੀਵਕਾ ਚਲਾਕੇ ਸੁੱਖ ਭੋਗਦਾ ਹੈ।
3. ਤੀਜਾ, ਇਹ ਕਿ ਉਹ ਬੇਫ਼ਿਕਰ ਰਹਿੰਦਾ ਕਿ ਉਹ ਕਿਸੇ ਦਾ ਕਰਜਾਈ ਨਹੀਂ ਹੈ।
4. ਚੌਥਾ, ਉਹ ਗਲਤ ਕੰਮ ਨਹੀਂ ਕਰਦਾ, ਅਜਿਹਾ ਮਨੁੱਖ ਹੀ ਸਦਾਚਾਰੀ ਕਹਾਉਦਾ ਹੈ।

ਰਾਜਨ, ਇਸ ਲਈ ਜਨਤਾ ਦੀ ਸੁਖ ਲਈ, ਕਲਿਆਣਕਾਰੀ ਅਰਥ-ਵਿਵਸਥਾ ਦਾ ਨਿਰਮਾਣ ਕੀਤਾ ਜਾਵੇ।

ਪ੍ਰਸੰਨਜਿਤ- ਤਥਾਗਤ, ਕਲਿਆਣਕਾਰੀ ਰਾਜ ਕਿਵੇਂ ਸਥਾਪਤ ਹੋ ਸਕਦਾ ਹੈ?

ਬੁੱਧ- ਰਾਜਨ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਓ, ਕੰਮ-ਧੰਦੇ ਲਈ ਪੈਸੇ ਦਿਓ, ਬੇਜ਼ਮੀਨੇ ਲੋਕਾਂ ਕੋਲੋਂ ਵਗਾਰ ਲੈਣੀ ਬੰਦ ਕੀਤੀ ਜਾਵੇ। ਇਹਨਾਂ ਨੂੰ ਆਪਣਾ ਕਿੱਤਾ ਆਪ ਚੁਣਨ ਦੀ ਅਜ਼ਾਦੀ ਦਿਓ, ਜੇ ਇਹ ਕਾਰੀਗਰੀ ਸਿੱਖਣੀ ਚਾਹੁੰਣ ਤਾਂ, ਇਹਨਾਂ ਨੂੰ ਸਿੱਖਿੱਅਤ ਕਰਨ ਲਈ ਲਈ ਤਕਨੀਕੀ ਸੰਸਥਾਵਾਂ ਦਾ ਪ੍ਰਬੰਧ ਕੀਤਾ ਜਾਵੇ।

ਪ੍ਰਸੰਨਜਿਤ- ਤਥਾਗਤ ਜੀ, ਖੇਤੀ ਬਾੜੀ ਕਿਵੇਂ ਉੱਨਤ ਹੋ ਸਕਦੀ ਹੈ?

ਬੁੱਧ- ਗਰੀਬ ਕਿਸਾਨਾਂ ਨੂੰ ਬੀਜ ਅਤੇ ਖਾਦ ਆਦਿ ਦਿਓ, ਅਤੇ ਫਸਲਾਂ ਦੀ ਪ੍ਰਫੁੱਲਤਾ ਲਈ ਪਾਣੀ ਦੇ ਯੋਗ ਪ੍ਰਬੰਧ ਕੀਤੇ ਜਾਣ।

ਰਾਜਨ, ਲੋਕਾਂ ਲਈ ਇਹ ਮਦਦ, ਉਦੋਂ ਤੱਕ ਜਾਰੀ ਰਹੇ, ਜਦੋਂ ਤੱਕ ਉਹ ਪੈਰਾਂ ਉਤੇ ਖੜ੍ਹੇ ਨਾ ਹੋ ਜਾਣ।

ਪ੍ਰਸੰਨਜਿਤ- ਤਥਾਗਤ, ਵਿਉਪਾਰ ਕਿਵੇਂ ਵੱਧ ਸਕਦਾ?

ਬੁੱਧ- ਛੋਟੇ ਵਪਾਰੀਆਂ ਨੂੰ ਧੰਦਾ ਵਧਾਉਣ ਲਈ ਪੈਸਾ ਉਧਾਰ ਦਿਓ।

ਪ੍ਰਸੰਨਜਿਤ- ਤਥਾਗਤ, ਸਰਕਾਰੀ ਅਮਲਾ ਕਿਵੇਂ ਸਰਗਰਮ ਹੋ ਸਕਦਾ?

ਬੁੱਧ- ਸਰਕਾਰੀ ਕਰਮਚਾਰੀਆਂ ਨੂੰ ਸਮੇਂ ਸਿਰ ਯੋਗ ਤਨਖਾਹ ਦਿਓ।

ਪ੍ਰਸੰਨਜਿਤ- ਤਥਾਗਤ, ਫਿਰ ਰਾਜ ਵਿੱਚ ਸ਼ਾਂਤੀ ਆ ਜਾਵੇਗੀ?

ਬੁੱਧ- ਰਾਜਨ, ਕਿਉ ਨਹੀਂ? ਜਦੋਂ ਲੋਕ ਆਪਣੇ-ਆਪਣੇ ਕੰਮ-ਕਾਰ ਵਿੱਚ ਲੱਗੇ ਰਹਿਣਗੇ, ਤਾਂ ਕੋਈ ਵੀ ਇੱਕ ਦੂਜੇ ਦਾ ਸ਼ੋਸ਼ਣ ਕਰਕੇ ਪਰੇਸ਼ਾਨ ਨਹੀਂ ਕਰੇਗਾ। ਅਰਥ-ਵਿਵਸਥਾ 'ਚ ਸੁਧਾਰ ਨਾਲ ਰਾਜ ਦੀ ਆਮਦਨ ਵਧੇਗੀ। ਆਮਦਨ ਵਧੇਗੀ ਤਾਂ ਜਨਤਾ 'ਤੇ ਟੈਕਸ ਲਾਉਣ ਦੀ ਲੋੜ ਨਹੀ। ਟੈਕਸ ਨਹੀ, ਜਨਤਾ ਵਿੱਚ ਅਮਨ ਚੈਨ ਤੇ ਖੁਸ਼ਹਾਲੀ ਆਵੇਗੀ। ਲੋਕ ਬੱਚਿਆਂ ਨੂੰ ਆਪਣੀ ਗੋਦ 'ਚ ਲੈ, ਖੁਸ਼ੀ ਵਿੱਚ ਨੱਚਣ ਗਾਉਣਗ,ਲੋਕ ਰਾਤਾਂ ਨੂੰ ਦਰਵਾਜ਼ੇ ਖੁੱਲ੍ਹੇ ਛੱਡਕੇ ਸੌਣਗੇ।

2 October On Dr Ambedkar Dhamma Kranti Divis

ਪ੍ਰਸੰਨਜਿਤ- ਤਥਾਗਤ ਜੀ, ਪਰਜਾ ਦਾ ਮਨ ਜਿੱਤਣ ਲਈ ਕੀ ਕੀ ਕਰਨਾ ਚਾਹੀਦਾ?

ਬੁੱਧ- ਰਾਜਨ, ਰਾਜੇ ਨੂੰ ਕੋਈ ਵੀ ਫੈਸਲਾ ਜਲਦਬਾਜੀ ਵਿੱਚ ਨਹੀਂ ਕਰਨਾ ਚਾਹੀਦਾ, ਹਰ ਫੈਸਲਾ ਖੂਬ ਸੋਚ-ਵਿਚਾਰ ਕੇ ਕਰਨਾ ਚਾਹੀਦਾ ਹੈ। ਰਾਜੇ ਨੂੰ ਫੈਸਲਾ ਧੰਮ ਦੇ ਨਿਆਂ ਅਨੁਸਾਰ ਕਰਨਾ ਚਾਹੀਦਾ ਹੈ। ਲਾਗ-ਡਾਟ, ਦਵੇਸ਼ ਨਾਲ ਕੋਈ ਫੈਸਲਾਂ ਨਹੀਂ ਕਰਨਾ ਚਾਹੀਦਾ। ਰਾਜਨ, ਰਾਜ ਨੂੰ ਧੰਮ ਸਿਧਾਂਤਾਂ ਨਾਲ ਸੁਧਾਰਿਆ ਜਾ ਸਕਦਾ ਹੈ। ਰਾਜੇ ਨੂੰ ਰਾਜ ਵਿਵਸਥਾ 'ਚ ਇਸ ਤਰ੍ਹਾਂ ਸੁਧਾਰ ਕਰਨਾ ਚਾਹੀਦਾ ਹੈ, ਜਿਸ ਨਾਲ ਅਮੀਰੀ-ਗਰੀਬੀ ਦਾ ਪਾੜਾ ਘਟਦਾ ਜਾਵੇ। ਹਰ ਪਾਸੇ ਸਮਾਜਿਕ ਸਮਾਨਤਾ ਸਥਾਪਤ ਕਰਨੀ ਚਾਹੀਦੀ ਹੈ, ਤਾਂ ਜੋ ਕਿ ਸਾਰਿਆਂ ਨੂੰ ਸਮਾਨ ਨਿਆਂ ਦਿੱਤਾ ਜਾ ਸਕੇ।



ਐਸ ਐਲ ਵਿਰਦੀ
ਐਡਵੋਕੇਟ
ਮੋ. 98145 17499
ਜੀ ਟੀ ਰੋਡ, ਸਿਵਲ ਕੋਰਟਸ, ਫਗਵਾੜਾ

ਜਦੋਂ ਰਾਜ ਭਾਗ ਬੁੱਧੀ ਤੇ ਪ੍ਰੇਮ ਭਾਵਨਾ ਨਾਲ ਹੋਵੇਗਾ ਤਾਂ ਹੀ ਗਰੀਬ, ਦੁਖੀ ਲੋਕ ਸੁਖ ਸ਼ਾਤੀ ਦਾ ਜੀਵਨ ਜਿਉ ਸਕਣਗੇ। ਰਾਜਨ, ਫਿਰ ਰਾਜ ਵਿੱਚ ਵਿਦਰੋਹ ਦੀ ਨੌਬਤ ਹੀ ਨਹੀਂ ਆਵੇਗੀ।

ਪ੍ਰਸੰਨਜਿਤ- ਤਥਾਗਤ, ਰਾਜਾ ਹਰਮਨ ਪਿਆਰਾ ਕਿਵੇਂ ਬਣ ਸਕਦਾ ਹੈ?

ਬੁੱਧ- ਰਾਜਨ, ਸ਼ਾਸ਼ਕ ਸਾਦਗੀ ਵਾਲਾ ਜੀਵਨ ਜਿਉਣਗੇ ਤਾਂ ਜਨਤਾ ਲਈ ਮਿਸਾਲ ਬਣਦੇ ਹਨ। ਸ਼ਾਸ਼ਕ ਐਸ਼ੋ-ਆਰਾਮ ਤੇ ਮੌਜ਼ ਮਸਤੀ ਦਾ ਜੀਵਨ ਜਿਉਣ-ਗੇ ਤਾਂ ਜਨਤਾ ਵਿੱਚ ਸਾੜਾ ਵੱਧੇਗਾ ਹੀ, ਆਗੂਆਂ ਨੂੰ ਆਪਣਾ ਸਮਾਂ ਲੋਕ ਸੇਵਾ ਵਿੱਚ ਲਾਉਣਾ ਚਾਹੀਦਾ ਹੈ। ਤਾਂ ਹੀ ਉਹ ਜਨਤਾ ਦਾ ਭਰੋਸਾ ਤੇ ਸਨਮਾਨ ਪ੍ਰਾਪਤ ਕਰ ਸਕਦੇ ਹਨ। ਜੇ ਸ਼ਾਸ਼ਕ ਲੋਕਾਂ ਦਾ ਮਾਨ-ਸਨਮਾਨ ਰੱਖਦਾ ਹੈ, ਤਾਂ ਲੋਕ ਕਾਨੂੰਨ ਦੀ ਪਾਲਣਾ ਕਰਨਗੇ। ਜੇ ਆਗੂ ਖੁਦ ਨਿਯਮਾਂ ਦਾ ਪਾਲਣ ਕਰਨਗੇ, ਤਾਂ ਹੀ ਲੋਕ ਉਹਨਾਂ ਤੇ ਭਰੋਸਾ ਕਰਨਗੇ।

ਰਾਜਨ, ਨੇਕ-ਨੀਤੀ ਵਾਲਾ ਸ਼ਾਸਕ ਹੀ ਹਰਮਨ ਪਿਆਰਾ ਤੇ ਲੋਕਨਾਇਕ ਬਣ, ਜਨਤਾ ਉਤੇ ਰਾਜ ਕਰ ਸਕਦਾ ਹੈ। ਜਿੱਤ ਪਿਆਰ ਦੀ ਹੁੰਦੀ, ਤਾਕਤਵਰ ਤੇ ਜ਼ੋਰਾਵਰਾਂ ਦੀ ਨਹੀਂ।

ਪ੍ਰਸੰਨਜਿਤ- ਤਥਾਗਤ, ਰਾਜ ਖੁਸ਼ਹਾਲ ਕਿਵੇਂ ਹੋ ਸਕਦਾ ਹੈ?

ਬੱਧ- ਰਾਜਨ, ਗਰੀਬੀ ਇੰਨੀ ਨਹੀਂ ਹੋਣੀ ਚਾਹੀਦੀ ਕਿ ਆਦਮੀ ਆਪਣੇ-ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਖੁਸ਼ ਹੀ ਨਾ ਰੱਖ ਸਕੇ। ਇਸ ਲਈ ਨਿੱਜੀ ਜਾਇਦ-ਾਦ ਉਤੇ ਪਾਬੰਦੀ ਲੱਗਣੀ ਚਾਹੀਦੀ ਹੈ। ਵਰਤਮਾਨ ਪਲਾਂ ਨੂੰ ਖੁਸ਼ੀ ਵਿੱਚ ਗੁਜ਼ਾਰਨਾਂ ਸਭ ਤੋਂ ਵੱਡੀ ਖੁਸ਼ੀ ਹੈ। ਠਰ੍ਹੰਮੇਂ ਵਾਲੀ ਤੱਕਣੀ, ਛੋਟੀ ਜਿਹੀ ਮੁਸਕਰਾਹਟ, ਸਨੇਹ ਭਰੇ ਬੋਲ, ਰਲ ਮਿਲਕੇ ਖਾਧਾ ਭੋਜਨ ਤੇ ਭਾਈਚਾਰਾ, ਅਜਿਹੀਆਂ ਚੀਜ਼ਾਂ ਹਨ। ਜੋ ਵਰਤਮਾਨ ਦੇ ਪਲਾਂ ਨੂੰ ਖੁਸ਼ੀ ਨਾਲ ਭਰ ਦਿੰਦੀਆਂ ਹਨ।

ਵਰਤਮਾਨ ਪਲਾਂ ਵਿੱਚ ਜੀਣ ਵਾਲਾ ਆਦਮੀ ਨਾ ਆਪਣੇ-ਆਪ ਨੂੰ ਤੇ ਨਾ ਹੀ ਆਪਣੇ ਸਾਥੀਆਂ ਨੂੰ ਕਿਸੇ ਕਸ਼ਟ ਵਿੱਚ ਪਾਉਦਾ ਹੈ। ਹੋਰਨਾਂ ਦੇ ਸੁਖ ਦਾ ਧਿਆਨ ਰੱਖਣ ਨਾਲ ਖੁਸ਼ੀ ਫੈਲਦੀ ਹੈ। ਰਾਜਨ, ਅਸਲ ਖੁਸ਼ੀ ਪੈਸੇ ਜਾਂ ਪ੍ਰਸਿੱਧੀ ਨਾਲ ਨਹੀਂ ਮਿਲਦੀ, ਅਪਰਾਧ, ਹਿੰਸਾ, ਬੇਰੁਜ਼ਗਾਰੀ, ਗਰੀਬੀ, ਭੁੱਖ ਨੂੰ ਦੂਰ ਕਰਨ ਅਤੇ ਗਰੀਬਾਂ ਨੂੰ ਹਰ ਕਿਸਮ ਦੇ ਟੈਕਸ ਤੋਂ ਛੋਟ ਦੇਣ ਨਾਲ ਮਿਲੇਗੀ।

ਪ੍ਰਸੰਨਜਿਤ- ਇਸ ਵਾਸਤੇ ਰਾਜ-ਵਿਵਸਥਾ ਕਿਹੋ ਜਿਹੀ ਹੋਣੀ ਚਾਹੀਦੀ ਹੈ?

ਬੁੱਧ- ਲੋਕ-ਰਾਜੀ ਕਦਰਾਂ-ਕੀਮਤਾਂ ਨੂੰ ਮਹੱਤਵ ਦਿੱਤਾ ਜਾਵੇ। ਹਰ ਕੰਮ ਕਨੂੰਨ ਤੇ ਨਿਯਮਾਂ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਜੇ ਕੋਈ ਕਨੂੰਨ ਬਦਲਣਾ ਹੋਵੇ ਤਾਂ ਰਾਜ ਦੀ ਪ੍ਰੀਨਿਧੀ ਸਭਾ ਦੀ ਪ੍ਰਲਿਤ ਨੇਮਾਂ ਅਨੁਸਾਰ ਮਨਜ਼ੂਰੀ ਲਈ ਜਾਣੀ ਚਾਹੀਦੀ ਹੈ। ਸਰਕਾਰ ਦੇ ਵਿਭਾਗਾਂ 'ਚ ਤਾਲ-ਮੇਲ ਬਣਿਆ ਰਹਿਣਾ ਚਾਹੀਦਾ। ਹਰ ਕੰਮ ਸਹਿਯੋਗ ਤੇ ਦਿਆਨਤਦਾਰੀ ਨਾਲ ਕੀਤਾ ਜਾਣਾ ਚਾਹੀਦਾ। ਹਰ ਵਿਅਕਤੀ ਕਿਸੇ ਨਾਲੋ ਨੀਵਾਂ ਜਾਂ ਗ਼ਰੀਬ ਸਮਝਣ ਦੀ ਬਨਿਸਬਤ, ਜਿਉਣ ਵਿੱਚ ਸਵੈਮਾਨ ਮਹਿਸੂਸ ਕਰੇ।

ਪ੍ਰਸੰਨਜਿਤ- ਤਥਾਗਤ, ਕੋਈ ਹੋਰ ਸਿੱਖਿਆ ਦਿਓ?

ਬੁੱਧ- ਰਾਜਨ, ਮਨੁੱਖੀ ਮਨ ਨੂੰ ਸੁਧਾਰਨ ਤੋਂ ਬਗੈਰ ਇਸ ਦੁਨੀਆਂ ਨੂੰ ਸੁਧਾਰਿਆ ਨਹੀਂ ਜਾ ਸਕਦਾ। ਜੇ ਮਨੁੱਖੀ ਮਨ ਨੂੰ ਬਦਲਿਆ ਜਾਵੇ ਤਾਂ ਫੌਜ ਜਾਂ ਪੁਲਿਸ ਦੀ ਲੋੜ ਨਹੀਂ ਪਵੇਗੀ। ਸਮਾਜ ਵਿੱਚ ਸ਼ਾਂਤੀ, ਖੁਸ਼ੀ ਤੇ ਸਮਾਨਤਾ ਆਪਣੇ-ਆਪ ਆ ਜਾਵੇਗੀ। ਆਗੂਆਂ ਨੂੰ ਸਦਾਚਾਰੀ ਵਾਲਾ ਜੀਵਨ ਪੇਸ਼ ਕਰਨਾ ਚਾਹੀਦਾ ਹੈ। ਪੁਰਾਣੇ ਰੀਤੀ-ਰਿਵਾਜ਼, ਵਹਿਮ ਭਰਮ, ਅੰਧਵਿਸ਼ਵਾਸ ਲੋਕਾਂ ਦੀ ਤਰੱਕੀ ਵਿੱਚ ਰੋੜਾ ਬਣਦੇ ਹਨ। ਨਵਜਾਗਰਿਤੀ ਪੈਦਾ ਕਰਨ ਲਈ ਉਪਰਾਲੇ ਹੋਣੇ ਚਾਹੀਦੇ ਹਨ, ਨਵਾਂ ਗਿਆਨ, ਨਵਾਂ ਮਾਰਗ, ਨਵਾਂ ਪੱਖ ਅਤੇ ਨਵਾਂ ਵਿਸ਼ਵਾਸ, ਸ਼ਾਸ਼ਕਾਂ ਨੂੰ ਖੁਦ ਅੱਗੇ ਹੋ ਕੇ ਪੇਸ਼ ਕਰਨਾ ਚਾਹੀਦਾ ਹੈ।

ਪ੍ਰਸੰਨਜਿਤ- ਤਥਾਗਤ, ਇਹ ਵਿਚਾਰ ਕਿੱਥੋਂ ਪ੍ਰਾਪਤ ਹੋ ਸਕਦੇ ਹਨ?

ਬੁੱਧ- ਰਾਜਨ, ਇਹ ਵਿਚਾਰ ਧੰਮ ਦੇ ਸਿਧਾਂਤ ਹਨ। ਧੰਮ ਸਮਾਜਿਕ ਸਦਾਚਾਰ ਹੈ। ਸਮਾਜਿਕ ਸਦਾਚਾਰ ਇਹੀ ਹੈ ਕਿ ਜੋ ਮੈਨੂੰ ਚਾਹੀਦਾ ਹੈ, ਦੂਜੇ ਨੂੰ ਵੀ ਉਹੀ ਚਾਹੀਦਾ ਹੈ।

ਸਾਧੋ! ਸਾਧੋ!! ਸਾਧੋ!!!

'ਸਭਿ ਭਬੰਤ ਮੰਗਲਮ

# ਕਿਰਾਏ ਦੇ ਗੁੰਡੇ ਬਨਾਮ ਸਿਕਿਉਰਟੀ..?

ਮਿੱਤਰੋ ਪੰਜਾਬ ਵਿੱਚ ਕਿਰਾਏ ਦੀ ਸਕਿਉਰਟੀ ਵੀ ਮਿਲਦੀ ਹੈ, ਤੇ ਕਿਰਾਏ ਤੇ ਗੁੰਡੇ ਵੀ, ਟੂਲੂ ਪੰਪ ਵੀ, ਉਂਝ ਤਾਂ ਤੀਂਵੀਆਂ ਬੰਦੇ ਵੀ ਬਥੇਰੇ ਚੱਲਦੇ ਹਨ ਕਿਰਾਏ ਤੇ ਸ਼ਹਿਰਾਂ ਵਿੱਚ। ਜੇ ਸੋਚਿਆ ਜਾਵੇ ਜੇ ਇਸ ਗੁੰਡੇ ਨੂੰ ਪੈਸ਼ੇ ਦੇ ਦਿੱਤੇ ਜਾਣ ਇਹ ਤੁਹਾਡੀ ਸਿਕੀਉਰਟੀ ਬਣ ਜਾਵੇਗਾ ਤੇ ਤੁਹਾਡੇ ਦੁਸ਼ਮਣਾਂ ਲਈ ਮੌਤ ਦਾ ਫਰਿਸ਼ਤਾ ਜੇ ਦੂਜੇ ਪਾਸੇ ਵਾਲੇ ਵੀ ਭੋਲੇ ਨਾਲ ਸਪੰਰਕ ਕਰ ਲੈਣ ਫਿਰ ਦੋਹਾਂ ਲਈ ਡਾਕੂ "ਰੰਗਾ ਖੁਸ਼" ਬਨਾਮ ਜੋਗਿੰਦਰ ਜੋਂ ਦੋਹਾਂ ਪਾਸਿਆਂ ਤੋਂ ਫਿਰੌਤੀ ਬਨਾਮ ਕਿਰਾਇਆ ਲੈ ਕੇ ਆਪਣਾ ਬੰਦੇ ਮਾਰਨ ਦਾ ਧਰਮ ਨਿਭਾ ਸਕਦਾ ਹੈ। ਮਿੱਤਰੋ ਹੈਰਾਨ ਨਾ ਹੋਵੋ ਮੈਂ ਭਾਰਤ ਬਾਰੇ ਇੱਕ ਡਾਕੂਮੈਂਟਰੀ ਵੇਖੀ ਹੈ ਜਿਸ ਵਿੱਚ ਗੁੰਡੇ ਕਿਰਾਏ ਤੇ ਭੇਜਣ ਵਾਲੇ ਏਜੰਟ ਹਨ, ਉਹਨਾਂ ਦੇ ਦਫਤਰ ਹਨ, ਉਹ ਇਉਂ ਸਿਆਸੀ ਸਮਾਜੀ ਰੈਲੀਆਂ ਲਈ ਐਕਸ਼ਨ ਮੁਤਾਬਿਕ ਗੁੰਡੇ ਭੇਜਦੇ ਹਨ ਜਿਵੇਂ ਵਿਆਹ ਵਿੱਚ ਸੇਵਾ ਕਰਨ ਵਾਲੇ ਬਹਿਰੇ ਤੇ ਸਰਿੰਜ ਨਾਲ ਦਾਰੂ ਵਰਤਾਉਣ ਵਾਲੀਆਂ ਕੁੜੀਆ। ਸਟਿੰਗ ਅਪਰੇਸ਼ਨ ਵਾਲਾ ਗੁੰਡੇ ਭੇਜਣ ਵਾਲੇ ਦਫਤਰ ਦੇ ਬੌਸ ਨਾਲ ਗੁਪਤ ਕੈਮਰੇ ਨਾਲ ਗੱਲ ਕਰਦਾ ਹੈ। ਬੌਸ ਆਪਣੇ ਰੇਟ ਦੱਸਦਾ ਹੈ। ਜੇ ਸਿਰਫ ਭੀੜ ਇਕੱਠੀ ਕਰਨੀ ਹੈ ਬਿਨਾ ਮੀਡੀਆ, ਖਾਲੀ ਜ਼ਿੰਦਾਬਾਦ ਮੁਰਦਾਬਾਦ ਤਾ ਉਸ ਦਾ ਆਹ ਰੇਟ ਹੈ , ਜੇ ਕਿਸੇ ਖਾਸ ਬੰਦੇ ਦੇ ਘਰ ਦੇ ਬਾਹਰ ਧਰਨਾ ਲਾਉਣਾ ਹੈ ਮੀਡੀਆਂ ਸਮੇਤ ਤੇ ਪੁੱਤਲਾ ਆਦਿ ਫੂਕਣਾਂ ਹੈ ਤਾਂ ਆਹ ਰੇਟ ਹੈ ਤੇ ਜੇ ਭੰਨ ਤੋੜ ਅੱਗਾਂ ਲਾਉਣੀਆਂ ਤੇ ਵਿਰੋਧੀਆਂ ਦੇ ਕਤਲ ਤੱਕ ਕਰਨੇ ਹਨ ਤਾਂ ਆ ਰੇਟ ਹੈ।

ਹੁਣ ਜਦੋਂ ਮੈ ਸਰਸੇ ਆਲੇ ਨੂੰ ਸਜਾ ਵੇਲੇ ਅਤੇ ਦਿੱਲੀ ਦਿਆਂ ਦੰਗਿਆ ਵੇਲੇ ਭੰਨਤੋੜ, ਅੱਗਾਂ ਲਾਉਣ ਵਾਲੇ ਨੌਜਵਾਨਾਂ ਦੀਆਂ ਤਸਵੀਰਾਂ ਵੇਖਦਾ ਹਾਂ ਤਾਂ ਹੈਰਾਨ ਹੁੰਦਾ ਹਾਂ। ਇਹ ਕੋਈ ਸਿਆਸੀ ਕਾਰਕੁੰਨ ਨਹੀ ਹਨ। ਇਹ ਤਾਂ ਕਿਰਾਏ ਦੇ ਸਿੱਖਿਅਤ ਅਪਰਾਧੀ ਨੌਜਵਾਨ ਗੁੰਡੇ ਹਨ। ਬਹੁਤੇ ਇਹਨਾਂ ਅੱਗਾਂ ਲਾਉਣ ਵਾਲੀਆਂ ਭੀੜਾਂ ਵਿੱਚ ਸੋਲਾਂ ਸਾਲ ਤੋਂ ਲੈ ਕੇ ਚੌਵੀ ਪੱਚੀ ਸਾਲ ਦੇ ਜਵਾਨ ਮੁੰਡੇ ਹੁੰਦੇ ਹਨ। ਪਰ ਕੁੜੀ ਕੋਈ ਨਹੀਂ ..ਇਹਨਾਂ ਮੁੰਡਿਆਂ ਨੂੰ ਅੱਥਰੂ ਗੈਸ, ਅੱਗ ਬੰਬ ,ਸ਼ਟਰ ਭੰਨਣ, ਬਲਾਤਕਾਰ ਕਰਨ,ਪੱਥਰ-ਬਾਜੀ ਕਰਨ ਦੀ ਪੂਰੀ ਮੁਹਾਰਤ ਹੁੰਦੀ ਹੈ। ਮੈ ਹਮੇਸ਼ਾ ਹੈਰਾਨ ਹੁੰਦਾ ਹਾਂ ਇਹਨਾਂ ਬੱਚਿਆ ਦੇ ਮਾਂ ਬਾਪਾਂ ਨੂੰ ਕੁੱਝ ਪਤਾ ਨਹੀਂ ਹੈ ਕਿ ਉਹਨਾਂ ਦੇ ਬੱਚੇ ਕੀ ਕਰ ਰਹੇ ਹਨ ...?। ਸੋ ਉਪਰ ਵਾਲੀ ਤਸਵੀਰ ਨੂੰ ਗੌਹ ਨਾਲ ਵੇਖੋ ਪੜ੍ਹੋ ..ਬੇਸ਼ੱਕ ਇਹ ਕਿਸੇ ਵੱਲੋਂ ਮਜਾਕ ਹੋਵੇ ..? ਪਰ ਇਹ ਮਜ਼ਾਕ ਨਹੀਂ ਹਕੀਕਤ ਵੀ ਹੈ। ਤੁਹਾਡਾ ਗੁੰਡਿਆਂ ਬਦਮਾਸ਼ਾ ਤੋਂ ਡਾਹਡਾ ਤੰਗ।



**ਜੋਗਿੰਦਰ ਬਾਠ ਹੌਲੈਂਡ**

# ਸ਼ਹਿਰ ਤੇਰੇ ਦੀ ਹਵਾ

ਸੱਜਣਾ ਸਾਨੂੰ ਸਜ਼ਾ ਲੱਗੀ ਏ,
ਸ਼ਹਿਰ ਤੇਰੇ ਦੀ ਹਵਾ ਲੱਗੀ ਏ।
ਜਿਸਮ ਨਾਲ ਰੂਹ ਜ਼ਖ਼ਮੀ ਹੋਈ,
ਨਾ ਕੋਈ ਮੁੜਕੇ ਦਵਾ ਲੱਗੀ ਏ।

ਤੇਰੀ ਮਰਜ਼ੀ ਦੇ ਵਿੱਚ ਸ਼ਾਮਲ,
ਅੱਲ੍ਹਾ ਦੀ ਵੀ ਰਜ਼ਾ ਲੱਗੀ ਏ।
ਪਾਪ ਮੈਥੋਂ ਕੋਈ ਹੋਇਆ ਹੋਣਾ,
ਵਫ਼ਾ ਦੇਣ ਤਾਂ ਦਗਾ ਲੱਗੀ ਏ।

ਉਹ ਸਾਡੇ ਲਈ ਸੂਲ਼ੀ ਬਣ ਗਈ,
ਜਿਹੜੀ ਗੱਲ ਤੈਨੂੰ ਮਜ਼ਾ ਲੱਗੀ ਏ।
ਪਰਦਾ ਚੱਕ ਦਿਖਾ ਨੀ ਹੋਣੀ,
ਸੱਟ ਜਿਹੜੀ ਸਾਡੇ ਜਗ੍ਹਾ ਲੱਗੀ ਏ।

ਚਿੱਟੇ ਚੰਮ ਦਾ ਕਾਲਾ ਧੰਦਾ,
ਬਦਲਣ ਦੀ ਤੇਰੇ ਵਜ੍ਹਾ ਲੱਗੀ ਏ।
ਵੀਰਪਾਲ ਭੱਠਲ ਨੂੰ ਪੀੜ ਤੇਰੀ,
ਮਣ ਨਹੀਂ ਬਣ ਕੇ ਸਵਾ ਲੱਗੀ ਏ ।



**ਵੀਰਪਾਲ ਕੌਰ ਭੱਠਲ**

# ਕੋਰਟ ਦਾ ਇਸ਼ਾਰਾ-ਪ੍ਰਦੂਸ਼ਣ ਬੰਦ ਕਰੋ ਸਾਰਾ

ਵਿਜੈਦਸਮੀਂ ਪੂਜਾ ਹੁੰਦੀ, ਨੇਕੀ ਉੱਤੇ ਬਦੀ ਦੀ ਜਿੱਤ ਦਾ ਜਸ਼ਨ, ਲੋਕ ਮਨਾਉਣ ਦਸਹਿਰਾ, ਰਾਵਣ ਦਾ ਬੁਤ ਫੂਕ ਦੇ,ਸ਼ਾਮ ਨੂੰ ਲਾਉਣ,ਨੇਕੀ ਦਾ ਪਹਿਰਾ। ਨਵਰਾਤਿਆਂ ਤੋਂ ਬਾਅਦ,ਦਸਵੀਂ ਦਾ ਦਸਹਿਰਾ ਹੁੰਦਾ,ਹੁੰਮ-ਹੁਮਾ ਕੇ ਪਹੁੰਚਦੇ ਦਸਹਿਰਾ ਗਰਾਊਂਡ, ਦਸ-ਸਿਰਾਂ ਵਾਲਾ ਰਾਵਣ ਖੜਾ ਹੁੰਦਾ। ਦਿਨ ਛਿਪਣ ਦੀ ਦੇਰ ਹੁੰਦੀ, ਛਿਪਦੇ ਸੂਰਜ ਦੀ ਚਲਕੋਰ ਹੈ ਹੁੰਦੀ, ਰਾਵਣ, ਭਰਾ ਕੁੰਭਕਰਨ, ਪੁੱਤ ਮੇਘਨਾਦ ਦੇ ਪੁਤਲਿਆਂ ਦੀ,ਆਤਿਸ਼ਬਾਜੀ ਪਟਾਕਿਆਂ ਦਾ ਸ਼ੋਰ ਹੈ ਹੁੰਦੀ, ਰਾਮਲੀਲਾ ਦੇ ਵੱਡੇ ਇਕੱਠਾਂ 'ਚ, ਝਲਕ ਦੇਖਣ ਦੀ ਲਗਨ,ਪੁਰਜ਼ੋਰ ਹੈ ਹੁੰਦੀ।ਗੁਰਬਾਣੀ ਕਹੇ, ਰਾਵਣ ਦਾ ਕਸੂਰ ਨਾ ਰੱਤੀ,ਬਰਾਬਰ ਦੀ ਧਿਰ ਸੀ ਸੋਨ-ਲੰਕੇਸ਼ ਰਾਵਣ, ਲਛਮਣ ਨੇ ਸਰੂਪ ਨਖਾਂ ਦੀ ਨੱਕ ਸੀ ਕੱਟੀ। ਰਾਵਣ ਨੂੰ ਆਇਆ ਗੁੱਸਾ, ਉਸ ਨੇ ਵੀ



ਲਛਮਣ ਰੇਖਾ ਉਲੰਘ ਕੇ ਸੀਤਾ ਚੁਰਾਈ, ਇਸ ਮੁੱਦੇ ਤੇ ਦੋਵਾਂ ਧਿਰਾਂ ਵਿੱਚ, ਹੋਈ ਖੂਬ ਲੜਾਈ।ਮਾੜੀ ਨੀਅਤ ਨਾਲ, ਰਾਵਣ ਕੀਤਾ ਦੁਰਵਿਹਾਰ, ਆਖ਼ਰ ਨੇਕੀ ਨੇ ਬਦੀ ਉੱਤੇ ਜਿਤ ਪਾਈ।

ਇਸੇ ਦਿਨ ਬੰਗਾਲ 'ਚ ਦੁਰਗਾ ਮਾਤਾ ਦੀ ਪੂਜਾ ਹੁੰਦੀ, ਰਾਖਸ਼ ਮਹਿਖਾਸੁਰ ਨੂੰ ਹਰਾ ਕੇ ਨਾਰੀ-ਸ਼ਕਤੀ ਦਾ ਸਬੂਤ ਸੀ ਦਿੱਤਾ।ਮੈਸੂਰ, ਕਰਨਾਟਕਾ, ਤਾਮਿਲਨਾਡੂ 'ਚ ਦੇਵੀ ਚਮੁੰਡੇਸ਼ਵਰੀ ਦੀ ਮੂਰਤੀ ਸਜਾ ਕੇ,ਹਾਥੀਆਂ ਦੀ ਸਵਾਰੀ ਵੱਡੇ ਜਲੂਸ ਚ ਪ੍ਰਦਰਸ਼ਨ ਜਾਂਦਾ ਕੀਤਾ। ਗੁਜਰਾਤ ਤੇ ਮਰਾਠਾ ਖੇਤਰਾਂ ਵਿੱਚ, ਗਰਬਾ ਤੇ ਡਾਂਡੀਆ ਨਾਚ ਨੇ ਹੁੰਦੇ, ਪਰਿਵਾਰਾਂ ਦੇ ਪਰਿਵਾਰ ਰਲ ਕੇ ਮੇਲਾ ਮਨਾਉਂਦੇ, ਖਾਣੇ ਖਾਸ ਨੇ ਹੁੰਦੇ। ਉੱਤਰੀ ਭਾਰਤ ਵਿੱਚ ਰੰਗ-ਬਿਰੰਗਾ ਭਾਂਤ- ਭਤੇਲਾ ਮੇਲਾ ਮਿਥਿਆ ਜਾਵੇ,ਬਦੀ ਦੇ ਪੁਤਲੇ ਜਲਾ ਕੇ, ਚੰਗੇ ਰਾਹ ਤੇ ਚੱਲਣ ਦੀ ਸਿੱਖਿਆ ਪਾਵੇ। ਮੰਦੇ ਕੰਮਾਂ ਦੇ ਹੋਣ ਮੰਦੇ ਨਤੀਜੇ,ਗਲਤ ਪਾਸੇ ਨਾ ਜਾਓ। ਬਹਾਦਰ ਦਿਆਲੂ ਤੇ ਇਮਾਨਦਾਰ ਮਨੁੱਖਾਂ ਦਾ ਸਮਾਜ ਬਣਾਓ।

ਵਰਤਮਾਨ ਵਿੱਚ ਲੋਕ ਜਾਗ੍ਰਿਤ ਹੋ ਗਏ, ਸੁਪਰੀਮ ਕੋਰਟ ਦੀ ਸਲਾਹ, ਪੁਤਲੇ ਨਾ ਫੂਕੋ, ਦਿਲ ਅਤੇ ਸਾਹ ਦੇ ਮਰੀਜ਼ਾਂ ਨੂੰ ਨੁਕਸਾਨ ਪਹੁੰਚਾਵੇ। ਪਰਾਲੀ ਫੂਕਣਾ, ਪੁਤਲੇ ਫੂਕਣਾ, ਪ੍ਰਦੂਸ਼ਣ ਫੈਲਦਾ, ਵਾਤਾਵਰਣ ਗੰਧਲਾ ਬਣਾਵੇ।



**ਅਮਰਜੀਤ ਸਿੰਘ ਤੂਰ,ਪਿੰਡ ਕੁਲਬੁਰਛਾਂ ਜਿਲਾ ਪਟਿਆਲਾ। ਹਾਲ ਆਬਾਦ # 639/40ਏ ਚੰਡੀਗੜ੍ਹ।ਫੋਨ ਨੰਬਰ : 9878469639**

# ਅਸਮਾਨ ਯੋਗੀ








ਅੱਜ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਪੰਜਵੇਂ ਦਿਨ ਦਾ ਨਾਟਕ ਅਸਮਾਨ ਯੋਗੀ ਸੀ। ਜੋ
ਟੀਮ ਰੰਗ ਮਸਤਾਨੇ ਜੈਪੁਰ ਰਾਜਸਥਾਨ ਦੁਆਰਾ
ਟੈਕਨੀਕਲ ਡਇਰੈਕਟਰ ਸਾਵਣ ਕੁਮਾਰ ਜਾਂਗੜ ਅਤੇ
ਗਾਈਡ ਅਭਿਸ਼ੇਕ ਮੁਦਗਲ ਦੀ ਬਦੌਲਤ ਪੇਸ਼ ਕੀਤਾ ਗਿਆ। ਜਿਸ ਦੇ
ਮੁੱਖ ਮਹਿਮਾਨਾਂ ਵਿੱਚ
ਸ਼੍ਰੀ ਰਜਿੰਦਰ ਮਿੱਤਲ ਚੇਅਰਮੈਨ ਮਿੱਤਲ ਗਰੁੱਪ,
ਸ਼੍ਰੀ ਸੁੱਖੀ ਬਾਠ
ਸੁੱਖੀ ਬਾਠ ਮੋਟਰਜ਼ ਕਨੇਡਾ,
ਸ਼੍ਰੀ ਅਮਰਜੀਤ ਮਹਿਤਾ
ਪ੍ਰਧਾਨ ਪੰਜਾਬ ਕ੍ਰਿਕਟ ਐਸੋਸੀਏਸ਼ਨ ਅਤੇ
ਡਾ ਪਰਮਪ੍ਰੀਤ ਨਾਗਪਾਲ
ਡਾਇਰੈਕਟਰ ਨਾਗਪਾਲ ਹਸਪਤਾਲ ਸ਼ਾਮਿਲ ਸਨ।

ਰਾਜਸਥਾਨੀ ਭਾਸ਼ਾ ਦਾ ਇਹ ਨਾਟਕ ਇੱਕ ਕਹਾਣੀ ਤੇ ਅਧਾਰਿਤ ਸੀ। ਜਿਸ ਵਿੱਚ ਅਸਮਾਨ ਯੋਗੀ ਨਾਮ ਦਾ ਸਖਸ਼ ਆਪਣੀਆਂ ਸ਼ਕਤੀਆਂ ਨਾਲ ਔਰਤਾਂ ਨੂੰ ਬੰਦੀ ਬਣਾਉਂਦਾ ਹੈ ਤੇ ਆਪਣੇ ਬਾਦਲ ਹਾਊਸ ਲੈ ਜਾਂਦਾ ਹੈ। ਨਾਟਕ ਵਿੱਚ ਹਰ ਪਾਤਰ ਨੇ ਆਪਣਾ ਰੋਲ ਬਾਖੂਬੀ ਨਿਭਾਇਆ ਹੈ। ਨਾਟਕ ਉਸ ਅਸਮਾਨ ਯੋਗੀ ਦੀ ਪਿੰਜਰੇ ਦੇ ਤੋਤੇ ਵਿੱਚ ਅਟਕੀ ਆਪਣੀ ਜਾਨ ਇਸ ਨਾਟਕ ਨੂੰ ਖ਼ੂਬਸੂਰਤ ਅੰਤ ਦਿੰਦੀ ਹੈ।

ਦਰਸ਼ਕਾਂ ਨੇ ਅਖੀਰ ਤੱਕ ਇਸ ਨਾਟਕ ਦਾ ਆਨੰਦ ਮਾਣਿਆ ਭਾਵੇਂ ਪਹਿਲਾਂ ਪਹਿਲਾਂ ਬੋਲੀ ਦੀ ਸਮੱਸਿਆ ਕਰਕੇ ਨਾਟਕ ਸਮਝ ਨਹੀਂ ਸੀ ਆਇਆ ਪਰ ਅੰਤ ਵਿੱਚ ਵੱਜੀਆਂ ਤਾੜੀਆਂ ਨਾਟਕ ਦੀ ਸਫਲਤਾ ਦਾ ਪ੍ਰਤੀਕ ਸਨ।

ਨਾਟਿਅਮ ਪ੍ਰਬੰਧਕਾਂ ਦਾ ਮੁੱਖ ਮਕਸਦ ਇਸ ਨਾਇਯਮ ਟੀਮ ਨੂੰ ਆਤਮ ਨਿਰਭਰ ਬਣਾਉਣਾ ਹੈ। ਟੀਮ ਦੇ ਪ੍ਰਧਾਨ ਡਾ ਕਸ਼ਿਸ਼ ਗੁਪਤਾ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਵਿੱਤੀ ਸਹਾਇਤਾ ਲਈ ਬਾਰ ਬਾਰ ਮੰਗਣ ਤੋਂ ਰਾਹਤ ਲਈ ਇਹਨਾਂ ਮਹਿਮਾਨਾਂ ਨੂੰ ਕੋਈ ਸਥਾਈ ਹੱਲ ਕਰਨ ਦੀ ਗੁਜਾਰਿਸ਼ ਕੀਤੀ।

ਸ਼੍ਰੀ ਅਮਰਜੀਤ ਮਹਿਤਾ ਨੇ ਪਹਿਲਾਂ ਐਡੀਟੋਰੀਅਮ ਲਈ ਫਿਫਟੀ ਪਰਸੈਂਟ ਦੀ ਛੂਟ ਦਿਵਾਈ ਹੈ ਤੇ ਹੁਣ ਟੋਟਲੀ ਫ੍ਰੀ ਹਾਲ ਮੁਹਈਆਂ ਕਰਾਉਣ ਦਾ ਵਾਅਦਾ ਕੀਤਾ। ਬਾਕੀ ਮਹਿਮਾਨਾਂ ਨੇ ਵੀ ਆਪਣੇ ਪੱਧਰ ਤੇ ਆਪਣੀਆਂ ਜੇਬਾਂ ਢਿੱਲੀਆਂ ਕਰਨ ਦਾ ਭਰੋਸਾ ਦਿਵਾਇਆ। ਚਾਹੇ ਮਾਲੀ ਸਹਾਇਤਾ ਮੰਗਣਾ ਅਤੇ ਦਰਸ਼ਕਾਂ ਨੂੰ ਫ੍ਰੀ ਨਾਟਕ ਦਿਖਾਉਣਾ ਪ੍ਰਬੰਧਕਾਂ ਦੀ ਮਜਬੂਰੀ ਹੈ ਪ੍ਰੰਤੂ ਫਿਰ ਵੀ ਨਾਟਿਅਮ ਪੈਸਾ ਪੈਸਾ ਕਰਨਾ ਕਲਾਕਾਰਾਂ ਨੂੰ ਤਰਸ ਦੇ ਪਾਤਰ ਬਣਾਉਂਦਾ ਹੈ। ਨਾਟਕ ਦੀ ਕਲਾ ਨੂੰ ਜ਼ਿੰਦਾ ਰੱਖਣ ਲਈ ਸਮਾਜ ਦੇ ਕਿਸੇ ਵਰਗ ਨੂੰ ਮਿਹਨਤ ਕਰਨੀਂ ਪੈਣੀ ਹੀ ਹੈ। ਇਸ ਲਈ ਸਰਕਾਰ ਪ੍ਰਸ਼ਾਸ਼ਨ ਅਤੇ ਦਾਨੀ ਸੱਜਣਾ ਨੂੰ ਮੂਹਰੇ ਆਉਣਾ ਹੀ ਪਵੇਗਾ। ਨਾਟਕ ਕਲਾ ਹੀ ਸਾਨੂੰ ਫਿਲਮ ਕਲਾਕਾਰ ਦਿੰਦੀ ਹੈ। ਨਾਟਕ ਫੈਸਟੀਵਲ ਕਰਾਉਣ ਨਾਲ ਹੀ ਕਰੋੜਾ ਰੁਪਏ ਦੀ ਲਾਗਤ ਨਾਲ ਬਣੇ ਐਡੀਟੋਰੀਅਮ ਦੀ ਵੁਕਤ ਹੈ। ਨਾਟਕਾਂ ਬਿਨਾਂ ਇਹ ਵਿਸ਼ਾਲ ਬਿਲਡਿੰਗ ਵੀ ਖੰਡਰ ਬਣ ਜਾਵੇਗੀ। ਇਕੱਲਾ ਐਡੀਟੋਰੀਅਮ ਉਸ ਹਸਪਤਾਲ ਵਰਗਾ ਹੈ ਜਿੱਥੇ ਕੋਈ ਡਾਕਟਰ ਨਹੀਂ। ਅਸੀਂ ਭਾਗਾਂ ਵਾਲੇ ਹਾਂ ਕਿ ਸਾਡੇ ਕੋਲ੍ਹ ਸ਼੍ਰੀ ਕੀਰਤੀ ਕ੍ਰਿਪਾਲ ਵਰਗਾ ਸੁਪਰ ਸਪੈਸ਼ਲਿਸਟ ਡਾਕਟਰ ਅਤੇ ਉਸਦੀ ਸੁਪਰ ਟੀਮ ਹੈ। ਜਿੰਨ੍ਹਾਂ ਨੇ ਸਰਕਾਰ ਦੀਆਂ ਲੇਲੜੀਆਂ ਕੱਢਕੇ ਇਹ ਬਲਵੰਤ ਗਾਰਗੀ ਨਾਮਕ ਹਸਪਤਾਲ ਬਣਾਇਆ ਹੈ।

**ਰਮੇਸ਼ ਸੇਠੀ ਬਾਦਲ**
**9876627233**

# ਆਖ਼ਰ ਕੰਜਕਾਂ ਲੱਭ ਹੀ ਗਈਆਂ !



ਨੌਵੀਂ ਦੇ ਉੱਤੇ ਪਤਨੀ ਨੇ ਕੰਜਕਾਂ ਨੂੰ ਰੋਟੀ ਖਵਾਉਣੀ ਹੀ ਹੁੰਦੀ ਹੈ ਤੇ ਦਸਵੀਂ ਤੇ ਦੁਸਿਹਰਾ।

ਮੈਂ ਅੱਧੀ ਸਦੀ ਪਿੱਛੇ ਚਲਾ ਗਿਆ ਜਦੋਂ ਦਾਦੀ ਮਾਂ ਸਵੇਰੇ ਹੀ ਨਹਾ ਧੋ ਕੇ ਤਿਆਰ ਹੋ ਕੇ ਚੁੱਲ੍ਹੇ ਨੂੰ ਪੋਚਾ ਦੇ ਕੇ ਕੜਾਹ ਪ੍ਰਸ਼ਾਦ ਅਤੇ ਪੂਰੀਆਂ ਤਿਆਰ ਕਰਦੀ ਸੀ ਪਰ ਮੈਨੂੰ ਜਿਥੋਂ ਤੱਕ ਯਾਦ ਹੈ ਉਸ ਸਮੇਂ ਕੰਜਕਾਂ ਖਵਾਉਣ ਵੇਲੇ ਉਹਨਾਂ ਨੂੰ ਲੜਕੀਆਂ ਲੱਭਣੀਆਂ ਨਹੀਂ ਪੈਂਦੀਆਂ ਸੀ। ਪਿਤਾ ਜੀ ਹੋਰੀ ਪੰਜ ਭਰਾ, ਪੰਜਾਂ ਦੇ ਅੱਗੇ ਤਿੰਨ ਤਿੰਨ ਚਾਰ ਚਾਰ ਕੁੜੀਆਂ। ਘਰ ਦੀਆਂ ਕੰਜਕਾਂ ਹੀ ਹੋ ਜਾਂਦੀਆਂ ਸਨ ਰੋਟੀ ਖਾਣ ਵੇਲੇ ਜਾਂ ਉਹਨਾਂ ਦੀ ਕੋਈ ਸਹੇਲੀ ਜਾਂ ਕੋਈ ਗੁਆਂਢੀਆਂ ਦੀ ਕੁੜੀ ਜਿਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਕਹਿ ਦਿੱਤਾ ਜਾਂਦਾ ਸੀ ਕਿ ਕੱਲ੍ਹ ਨੂੰ ਸਵੇਰੇ ਤੁਸੀਂ ਸਾਡੇ ਘਰ ਭੋਜਨ ਪਾਉਣਾ ਹੈ।

ਫ਼ਿਰ ਉਸੇ ਤਰੀਕੇ ਨਾਲ ਹੀ ਆਪਣੀ ਮਾਤਾ ਨੂੰ ਇਸੇ ਤਰ੍ਹਾਂ ਦੀ ਹੀ ਤਿਆਰੀ ਕਰਦੇ ਦੇਖਿਆ। ਉਹ ਵੀ ਇਸ ਤਰ੍ਹਾਂ ਹੀ ਚੌਂਕੇ ਚੁੱਲ੍ਹੇ ਨੂੰ ਲਿਪ ਪੋਚ ਕੇ ਉਸ ਨੂੰ ਸ਼ੁੱਧ ਕਰ ਲੈਂਦੀ ਸੀ। ਘਰਦਿਆਂ ਨੂੰ ਪੂਰੀ ਪ੍ਰਸ਼ਾਦ ਉਦੋਂ ਤੱਕ ਨਹੀਂ ਮਿਲਦਾ ਸੀ ਜਦੋਂ ਤੱਕ ਪੰਡਤਾਣੀ ਜੀ, ਜਿਸ ਨੂੰ ਅਸੀਂ ਸਾਰੇ ਦਾਦੀ ਕਹਿੰਦੇ ਸਾਂ ਆਪਣੇ ਹਿੱਸੇ ਦਾ ਪ੍ਰਸ਼ਾਦ ਘਰੋਂ ਲੈ ਨਹੀਂ ਜਾਂਦੀ ਸੀ।

ਅੱਜ ਫ਼ੇਰ ਕੰਜਕਾਂ ਦੀ ਤਲਾਸ਼ ਵਿਚ ਆਲੇ ਦੁਆਲੇ ਮਹੱਲੇ ਵਿਚ ਦਰਵਾਜੇ ਖੜਕਾਉਂਦਾ ਰਿਹਾ, ਭਾਵੇਂ ਸਾਰੀਆਂ ਛੋਟੀਆਂ ਬੱਚੀਆਂ ਸਕੂਲ ਤੋਂ ਛੁੱਟੀ ਮਾਰ ਗਈਆਂ ਸਨ ਤੇ ਉਹ ਸਵੇਰ ਤੋਂ ਹੀ ਸਾਰੇ ਘਰਾਂ ਵਿੱਚ ਭੋਜਨ ਪਾ ਕੇ ਆ ਰਹੀਆਂ ਸਨ।

ਆਪਣੇ ਆਪਣੇ ਘਰੇ ਭੋਜਨ ਪਵਾਉਣ ਦੇ ਲਈ ਕੋਈ ਨਾ ਕੋਈ ਘਰ ਦਾ ਜੀਅ, ਕਿਸੇ ਨਾ ਕਿਸੇ ਦੇ ਦਰ 'ਤੇ ਉਸ ਲੜਕੀ ਨੂੰ ਭਾਵ ਕੰਜਕ ਨੂੰ ਲੈਣ ਦੇ ਲਈ ਖੜ੍ਹਾ ਸੀ। ਮੈਨੂੰ ਵੀ ਪਤਾ ਸੀ ਮੈਂ ਵੀ ਪਤਨੀ ਸ਼੍ਰੀ ਦੇ ਕਹਿਣ 'ਤੇ ਉਸੇ ਕਤਾਰ ਵਿਚ ਸਾਂ। ਆਖ਼ਰ ਪਹਿਲਾਂ ਪੰਜ ਕੁ ਕੁੜੀਆਂ ਦਾ ਜੱਥਾ ਮਿਲ ਗਿਆ ਤੇ ਉਹਨਾਂ ਵਿੱਚੋਂ ਇੱਕ ਸਿਆਣੀ ਕੁੜੀ ਨੂੰ ਮੈਂ ਡਿਊਟੀ ਲਗਾ ਕੇ ਆ ਗਿਆ ਕਿ ਜਦੋਂ ਹੀ ਕਿਸੇ ਦੇ ਘਰੋਂ ਲੜਕੀਆਂ ਭੋਜਨ ਪਾ ਕੇ ਆਉਣ ਤਾਂ ਉਹਨਾਂ ਨੂੰ ਤੁਰੰਤ ਆਪਣੇ ਘਰ ਤੂੰ ਲੈ ਕੇ ਆਉਣਾ ਹੈ।

ਦੋਹਤੀ ਅਤੇ ਬੇਟੀ ਅਜੇ ਆਏ ਨਹੀਂ ਸਨ । ਪੋਤਰੀ ਚੰਡੀਗੜ੍ਹ ਬਿਰਾਜਮਾਨ ਸੀ।

ਚਲੋ , ਸੱਦਾ 11 ਕੁੜੀਆਂ ਨੂੰ ਸੀ, ਤੇ ਆ ਸੁੱਖ ਨਾਲ ਹੋਰ ਵੀ ਜ਼ਿਆਦਾ ਗਈਆਂ ਤੇ ਉਹਨਾਂ ਦੇ ਨਾਲ ਛੋਟੇ ਛੋਟੇ ਦੋ ਮੁੰਡੇ ਵੀ, ਮੁੰਡਿਆਂ ਵਿੱਚੋਂ ਤਾਂ ਇੱਕ ਨੂੰ ਹੀ ਐਡਜਸਟ ਕੀਤਾ ਜਾ ਸਕਦਾ ਸੀ, ਉਸ ਦੀ ਲੰਗਰ ਵੀਰ ਦੀ ਉਪਾਧੀ ਜੋ ਹੁੰਦੀ ਹੈ।

ਦੂਜੇ ਨੂੰ ਮੈਂ ਬਾਹਰ ਬੈਂਚ ਤੇ ਹੀ ਬਿਠਾ ਲਿਆ, ਪਤਨੀ ਮੈਨੂੰ ਇਸ਼ਾਰਾ ਕਰ ਰਹੀ ਸੀ ਕਿ ਉਸ ਨੂੰ ਵੀ ਬੱਚਿਆਂ ਦੇ ਨਾਲ ਹੀ ਬਿਠਾ ਦਿੱਤਾ ਜਾਵੇ ਪਰ ਮੈਂ ਉਸ ਵੱਲ ਧਿਆਨ ਨਹੀਂ ਦਿੱਤਾ।

ਚਲੋ, ਸਭ ਨੂੰ ਯਥਾਯੋਗ ਭੋਜਨ ਪਵਾਇਆ ਗਿਆ ਤੇ ਬਾਹਰ ਬੈਠੇ ਇੱਕ ਹੋਰ ਲੰਗਰ ਵੀਰ ਨੂੰ ਵੀ ਉਹਨਾਂ ਵਰਗਾ ਹੀ ਭੋਜਨ ਦਿੱਤਾ ਗਿਆ ਤੇ ਨਾਲ ਹੀ ਦੰਦ ਘਸਾਈ।

ਅਸਲ ਵਿਚ, ਸਾਲ ਵਿਚ ਦੋ ਕੁ ਵਾਰ ਇਸ ਤਰ੍ਹਾਂ ਦੀ ਰੌਣਕ ਲੱਗਦੀ ਹੈ ਪਤਨੀ ਕੜਾਹ ਪ੍ਰਸ਼ਾਦ ਦੀ ਦੇਗ਼ ਬਹੁਤ ਵਧੀਆ ਬਣਾਉਂਦੀ ਹੈ ਤੇ ਉਸ ਦੇ ਨਾਲ ਸੁੱਕੇ ਕਾਲੇ ਛੋਲੇ ਤੇ ਫੁੱਲੀਆਂ ਫੁੱਲੀਆਂ ਪੂਰੀਆਂ।

ਇਹ ਸਾਡੇ ਸਮਾਜ ਦਾ ਬੜਾ ਹੀ ਉਸਾਰੂ ਤੇ ਹਾਂ ਪੱਖੀ ਪੱਖ ਹੈ,ਜਿਸ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਬੱਚੀਆਂ ਨੂੰ ਉਹਨਾਂ ਦੇ ਪਹਿਲਾਂ ਪੈਰ ਧੋ ਕੇ ਅਤੇ ਉਸ ਤੋਂ ਬਾਅਦ ਉਹਨਾਂ ਦੇ ਤਿਲਕ ਕਰ ਕੇ, ਫ਼ਿਰ ਖੱਮ੍ਹਨੀ ਬੰਨ ਕੇ ਭੋਜਨ ਕਰਾਇਆ ਜਾਂਦਾ ਹੈ।

ਸਭ ਤੋਂ ਪਹਿਲਾਂ ਘਰ ਵਿੱਚ ਜੋਤ ਜਗਾ ਕੇ ਕੁਝ ਅਲੱਗ ਅਲੱਗ ਦੇਵਤਿਆਂ ਦੀਆਂ ਆਰਤੀਆਂ ਕੀਤੀਆਂ ਜਾਂਦੀਆਂ।

ਉਸ ਆਰਤੀ ਵੇਲੇ ਮੈਨੂੰ ਬਾਬਾ ਨਾਨਕ ਵੀ ਯਾਦ ਆਇਆ।

ਗਗਨ ਮੇਂ ਥਾਲ ਰਵੀ ਚੰਦ ਦੀਪਕ ਬਣੇ ਤਾਰਿਕਾ ਮਡਲਾ ਜਨਕ ਮੋਤੀ।
ਕੈਸੀ ਆਰਤੀ ਹੋਇ ਤੇਰੀ ਭਵ ਖਡਨਾ।

ਪਤਨੀ ਸ਼੍ਰੀ ਜਦੋਂ ਬੱਚਿਆਂ ਦੇ ਤਿਲਕ ਕਰ ਰਹੀ ਸੀ ਤਾਂ ਮੈਨੂੰ ਫ਼ਿਰ ਬਾਬਾ ਨਾਨਕ ਇੱਕ ਵਾਰ ਯਾਦ ਆਇਆ ਬਾਬੇ ਨਾਨਕ ਨੂੰ ਕਿਸ ਨੇ ਤਿਲਕ ਕਰਨਾ ਸੀ। ਕਿਸ ਨੇ ਗੁਰਗੱਦੀ ਦੇਣੀ ਸੀ ਉਹ ਤਾਂ ਪਹੁੰਚੀ ਹੋਈ ਸ਼ਖਸ਼ੀਅਤ ਸੀ ਪਰ ਉਹਨਾਂ ਨੇ ਜਦੋਂ ਭਾਈ ਲਹਿਣੇ ਨੂੰ ਗੁਰਗੱਦੀ ਬਖਸ਼ੀ ਤੇ ਉਹਨਾਂ ਨੂੰ ਗੁਰੂ ਅੰਗਦ ਦੇਵ ਜੀ ਹੋਣ ਦਾ ਖ਼ਿਤਾਬ ਦਿੱਤਾ ਤੇ ਉਹਨਾਂ ਨੂੰ ਸਾਖੀਆਂ ਅਨੁਸਾਰ ਤਿਲਕ ਕੀਤਾ।

ਇੱਕ ਵਾਰ ਸਾਰਾ ਕਾਲ ਚੱਕਰ ਬ੍ਰਹਮੰਡ ਸਾਰਾ ਕੁਝ ਅੱਖਾਂ ਦੇ ਦਵਾਲੇ ਘੁੰਮ ਗਿਆ।

ਆਖਰ ਕੰਜਕਾਂ ਵਿਦਾਅ ਹੋ ਗਈਆਂ। ਉਸ ਤੋਂ ਬਾਅਦ ਰਹਿ ਗਈਆਂ ਮਹੱਲੇ ਦੀਆਂ ਉਹ ਵੱਡੀਆਂ ਕੁੜੀਆਂ ਜਿਹੜੀਆਂ ਕੰਜਕਾਂ ਵਿੱਚ ਨਹੀਂ ਬੈਠ ਸਕਦੀਆਂ ਸਨ ਉਹਨਾਂ ਲਈ ਵੀ ਅਲੱਗ ਅਲੱਗ ਥਾਲੀਆਂ ਤਿਆਰ ਕਰਕੇ ਸਾਹਮਣੇ ਆਂਢ ਗੁਆਂਡ ਵਿੱਚ ਪਹੁੰਚਾਉਣ ਦੀ ਡਿਊਟੀ ਮੇਰੀ ਸੀ ਤੇ 45 ਜੀ ਨੂੰ ਉਹਨਾਂ ਦੇ ਘਰ ਭੋਜਨ ਵੀ ਦੇ ਕੇ ਆਉਣਾ ਸੀ ਫੇਰ ਆਉਂਦੇ ਹੋਏ ਗਊਆਂ ਨੂੰ ਪੱਠੇ।

ਮੈਂ ਸੋਚ ਰਿਹਾ ਸੀ ਤੁਸੀਂ ਕਿੰਨੇ ਵੀ ਅਗਾਂਹ ਵਧੂ ਬਣ ਜਾਓ ਪਰ ਆਪਣੇ ਪਿਤਰੀ ਸੰਸਕਾਰਾਂ ਤੋਂ ਨਹੀਂ ਟੁੱਟ ਸਕਦੇ।

ਇੱਕ ਅਫਸਰ ਨੂੰ ਮਿਲਣ ਗਿਆ ਛੋਟੇ ਅਫਸਰ ਨੇ ਦੱਸਿਆ ਕਿ ਸਾਹਿਬ ਪਿੰਡ ਮਿੱਟੀ ਕੱਢਣ ਗਏ ਹੋਏ ਹਨ ਉਹਨਾਂ ਦੇ ਦੁਸਹਿਰੇ ਤੋਂ ਪਹਿਲਾਂ ਪਿੰਡ ਮਿੱਟੀ ਨਿਕਲਦੀ ਹੈ।

ਮੇਰਾ ਧਿਆਨ ਸਾਡੀ ਸਾਇੰਸ ਦੀ ਅਧਿਆਪਕਾ ਯੂਨੀਵਰਸਿਟੀ ਦੀ ਗੋਲਡ ਮੈਡਲਿਸਟ ਬਲ ਗਿਆ ਜਿਹੜੀ ਕਿ ਇਹਨਾਂ ਵਰਤਾ ਤਿਹਾਰਾ ਨੂੰ ਬੜੀ ਸੰਜੀਦਗੀ ਨਾਲ ਮਨਾਉਂਦੀ ਹੈ। ਉਹੀ ਕਿਉਂ ਮਨਾਉਂਦੀ ਹੈ ਮੇਰੀ ਪਤਨੀ ਵੀ ਤਾਂ ਮਨਾਉਂਦੀ ਹੈ ਮੇਰੀ ਮਾਂ ਵੀ ਮਨਾਉਂਦੀ ਸੀ ਜੇ ਮੇਰੀ ਦਾਦੀ ਵੀ। ਸ਼ਾਇਦ ਇਹ ਹਿੰਦੁਸਤਾਨ ਜਾਂ ਪੰਜਾਬੀ ਸੱਭਿਆਚਾਰ ਦਾ ਅੰਗ ਹਨ ਜਿੰਨਾਂ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ। ਮੈਨੂੰ ਰਫੈਲ ਜਹਾਜ਼ ਲੈਣ ਵੇਲੇ ਦਾ ਦ੍ਰਿਸ਼ ਯਾਦ ਆਇਆ ਜਦੋਂ ਹਿੰਦੁਸਤਾਨ ਦਾ ਡਿਫੈਂਸ ਮਨਿਸਟਰ ਰਿਫੈਲ ਜਹਾਜ਼ ਦੀ ਪੂਜਾ ਕਰਕੇ ਗੁੱਟ ਭੰਡ ਰਿਹਾ ਸੀ ਤੇ ਨਾਲ ਦੀ ਨਾਲ ਉਸ ਸਾਇੰਟਿਸਟ ਵੀ ਯਾਦ ਆਇਆ ਜਿਹੜਾ ਰਾਕਟ ਉਡਾਉਣ ਤੋਂ ਪਹਿਲਾਂ ਆਪਣੇ ਕਮਰੇ ਵਿੱਚ ਪਹਿਲਾਂ ਪੂਜਾ ਕਰ ਰਿਹਾ ਸੀ।

ਮੈਨੂੰ ਲੱਗਿਆ ਕੋਈ ਗੱਲ ਤਾਂ ਹੈ ਯਾਰ ਇਹਨਾਂ ਰੀਤੀ ਰਿਵਾਜਾਂ ਤੇ ਰਸਮਾਂ ਵਿੱਚ।

**ਜਸਪਾਲ ਜੱਸੀ**

# ਅਜੋਕੇ ਸਮੇਂ ਦੇ ਰਾਵਣਾਂ ਨੂੰ ਫੂਕਣ ਦੀ ਸਖ਼ਤ ਲੋੜ ਹੈ

ਅੱਜ ਦੁਸਹਿਰੇ ਦਾ ਧਾਰਮਿਕ ਦਿਨ ਹੈ ਭਾਰਤ ਤੋਂ ਇਲਾਵਾ ਦੁਨੀਆਂ ਦੇ ਅਨੇਕਾਂ ਹਿੱਸਿਆਂ ਦੇ ਵਿੱਚ ਦੁਸਹਿਰਾ ਮਨਾਇਆ ਜਾਂਦਾ ਹੈ ਦੁਸਹਿਰਾ ਹਿੰਦੂਆਂ ਦਾ ਧਾਰਮਿਕ ਤਿੱਥ ਤਿਉਹਾਰ ਹੈ ਜੋ ਸ੍ਰੀ ਰਾਮ ਚੰਦਰ ਸੀਤਾ ਲਛਮਣ ਰਾਵਣ ਦੇ ਨਾਲ ਜੁੜਿਆ ਹੋਇਆ ਹੈ ਜੋ ਇਤਿਹਾਸਕ ਤੌਰ ਤੇ ਇਹ ਦਰਜ ਹੈ ਕਿ ਰਾਵਣ ਨੇ ਸੀਤਾ ਮਾਤਾ ਨੂੰ ਚੁੱਕ ਲਿਆਂਦਾ ਉਸ ਤੋਂ ਅੱਗੇ ਯੁੱਧ ਹੋਇਆ ਹਨੂੰਮਾਨ ਜੀ ਹੋਰ ਕਾਫੀ ਕੁਝ ਇਸ ਇਤਿਹਾਸ ਵਿੱਚ ਦਰਜ ਹੈ। ਹਰ ਸਾਲ ਹੀ ਰਾਵਣ ਨੂੰ ਉਸ ਦਾ ਪੁਤਲਾ ਬਣਾ ਕੇ ਫੂਕਿਆ ਜਾਂਦਾ ਹੈ ਤੇ ਅਨੇਕਾਂ ਇਲਾਕਿਆਂ ਦੇ ਵਿੱਚ ਰਾਵਣ ਨੂੰ ਵਿਦਵਾਨ ਸਮਝ ਕੇ ਇਸ ਦੀ ਪੂਜਾ ਕੀਤੀ ਜਾਂਦੀ ਹੈ ਉਂਝ ਤਾਂ ਜੇਕਰ ਦੇਖਿਆ ਜਾਵੇ ਤਾਂ ਸਾਡੇ ਧਾਰਮਿਕ ਤਿੱਥ ਤਿਹਾਰ ਪੂਰੀ ਤਰਾਂ ਹੁੜਦੰਗ, ਸ਼ੋਰ ਸ਼ਰਾਬਾ, ਨੱਚਣ ਟੱਪਣ, ਖਾਣ ਪੀਣ ਤੇ ਹੋਰ ਪਾਸਿਆਂ ਤੋਂ ਵਪਾਰਕ ਦ੍ਰਿਸ਼ਟੀ ਵਾਲੇ ਬਣਦੇ ਜਾ ਰਹੇ ਹਨ। ਵੱਡੇ ਵੱਡੇ ਰਾਵਣ ਦੇ ਪੁਤਲੇ ਬਣਾ ਕੇ ਉਸ ਵਿੱਚ ਬੰਬ ਪਟਾਕੇ ਤੇ ਹੋਰ ਜੈਲਣਸ਼ੀਲ ਚੀਜ਼ਾਂ ਪਾਈਆਂ ਜਾਂਦੀਆਂ ਹਨ ਤੇ ਜਦੋਂ ਇਸ ਪੁਤਰੇ ਨੂੰ ਅੱਗ ਲੱਗਦੀ ਹੈ ਤਾਂ ਫਿਰ ਨੀਲੇ ਅਸਮਾਨ ਨੂੰ ਛੂਹਦੀਆਂ ਅੱਗ ਦੀਆਂ ਲਾਟਾਂ ਕਿਹੋ ਜਿਹਾ ਗੰਦਾ ਧੂਆ ਪੈਦਾ ਕਰਦੀਆਂ ਹਨ ਜੋ ਵਾਤਾਵਰਣ ਲਈ ਬਹੁਤ ਖਰਾਬ ਹੈ ਠੀਕ ਹੈ ਉਸ ਵੇਲੇ ਰਾਵਣ ਨੇ ਸਹੀ ਕੀਤਾ ਜਾਂ ਗਲਤ ਇਸ ਪਾਸੇ ਤਾਂ ਆਪਾਂ ਨਹੀਂ ਜਾਵਾਂਗੇ ਪਰ ਮੈਂ ਇਹ ਕਹਿ ਰਿਹਾ ਕਿ ਜਿਹੜੇ ਅੱਜ ਦੇ ਰਾਵਣ ਪੈਰ ਪੈਰ ਉੱਪਰ ਅਨੇਕਾਂ ਤਰੀਕਿਆਂ ਦੇ ਨਾਲ ਪ੍ਰਗਟ ਹੋਏ ਫਿਰਦੇ ਹਨ ਉਹਨਾਂ ਨੂੰ ਕੌਣ ਫੂਕੂ...?

ਦੇਵਤੇ ਰਾਵਣ ਨੂੰ ਤਾਂ ਹਰ ਸਾਲ ਬਾਅਦ ਫੂਕਿਆ ਜਾਂਦਾ ਹੈ ਪਰ ਜਿਹੜੇ ਰਾਵਣ ਦੂਜੇ ਦਾ ਹੱਕ ਹਲਾਲ ਖਾਂਦੇ ਹਨ ਕਿਸੇ ਨਾਲ ਬੇਈਮਾਨੀ ਕਰਦੇ ਹਨ ਬਹੁਤਿਆਂ ਦੀਆਂ ਜੜਾਂ ਵਿੱਚ ਦਾਤੀ ਫੇਰਦੇ ਹਨ ਇਸ ਤੋਂ ਇਲਾਵਾ ਸਾਡੇ ਦੇਸ਼ ਦੀ ਸਿਆਸਤ ਵਿੱਚ ਰਾਵਣ ਰੂਪੀ ਸਿਆਸੀ ਆਗੂਆਂ ਦਾ ਬਹੁਤ ਜਿਆਦਾ ਬੋਲ ਬਾਲਾ ਵਧਿਆ ਹੋਇਆ ਹੈ। ਜਿਨਾਂ ਨੇ



ਅੱਜ ਨਹੀਂ ਪਿਛਲੇ ਸਮੇਂ ਤੋਂ ਦੇਸ਼ ਦੀ ਲੁੱਟ ਖਸੁੱਟ ਸੁੱਟ ਅਨੇਕਾਂ ਤਰੀਕਿਆਂ ਦੇ ਨਾਲ ਕੀਤੀ ਆਪਣੇ ਖਾਨਦਾਨ ਨੂੰ ਅੱਗੇ ਲਿਆਂਦਾ ਆਪਣੇ ਖਾਨਦਾਨ ਦੀਆਂ ਤਜੋਰੀਆਂ ਕਈ ਜਨਮਾਂ ਤੱਕ ਦੇਸ਼ ਨੂੰ ਲੁੱਟ ਕੇ ਭਰ ਦਿੱਤੀਆਂ। ਉਹ ਦੇਸ਼ ਜਿਹੜਾ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਅੱਜ ਦੇ ਰਾਵਣ ਜਿਹੜੇ ਦੇਸ਼ ਖਾਸ ਕਰ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵਿੱਚ ਉਲਝਾ ਕੇ ਮਾਰ ਰਹੇ ਹਨ ਤੇ ਆਪਣੇ ਖਜ਼ਾਨੇ ਭਰ ਰਹੇ ਹਨ। ਅੱਜ ਦੇ ਉਹ ਰਾਵਣ ਜਿਹੜੇ ਚੰਦ ਪੈਸਿਆਂ ਖਾਤਰ ਲੁੱਟ ਖਸੁੱਟ ਕਰਕੇ ਲੋਕਾਂ ਨੂੰ ਜਾਨੋਂ ਮਾਰ ਰਹੇ ਹਨ। ਅੱਜ ਦੇ ਉਹ ਰਾਵਣ ਜਿਹੜੇ ਸਰਕਾਰੀ ਗੈਰ ਸਰਕਾਰੀ ਅਦਾਰਿਆਂ ਵਿੱਚ ਬੈਠ ਕੇ ਰੋਜ਼ਾਨਾ ਹੀ ਲੋਕਾਂ ਦੀ ਲੁੱਟਮਾਰ ਕਰ ਰਹੇ ਹਨ। ਇਹਨਾਂ ਰਾਵਣਾਂ ਨੂੰ ਕੌਣ ਫੂਕਣ ਦੀ ਸੋਚੇਗਾ।

ਉਸ ਤੋਂ ਵੀ ਵੱਡੀ ਗੱਲ ਕਿ ਸਾਡੇ ਦੇਸ਼ ਵਿੱਚ ਪੈਦਾ ਹੋਏ ਰਾਵਣ ਜਿਹੜੇ ਬਜ਼ੁਰਗ ਔਰਤਾਂ ਮੁਟਿਆਰਾਂ ਧੀਆਂ ਤੋਂ ਇਲਾਵਾ ਬੱਚਿਆਂ ਦੇ ਉੱਪਰ ਬਹੁਤ ਜ਼ੁਲਮ ਕਰਦੇ ਹਨ ਇਥੋਂ ਤੱਕ ਕਿ ਕਿਹੜਾ ਦਿਨ ਹੈ ਜਿਸ ਦਿਨ ਕਿਸੇ ਨੌਜਵਾਨ ਔਰਤ ਜਾਂ ਧੀ ਦੇ ਨਾਲ ਬਲਾਤਕਾਰ ਕਰਕੇ ਉਸ ਉੱਤੇ ਜ਼ੁਲਮ ਨਹੀਂ ਕੀਤਾ ਜਾਂਦਾ ਤੇ ਉਸ ਜ਼ੁਲਮ ਦੇ ਵਿੱਚ ਉਸ ਦੀ ਜਾਨ ਤੱਕ ਚਲੀ ਜਾਂਦੀ ਹੈ ਅੱਜ ਦੇ ਉਹ ਰਾਵਣ ਜਿਹੜੇ ਬੱਚਿਆਂ ਨੂੰ ਨਹੀਂ ਬਖਸ਼ਦੇ ਛੋਟੇ ਛੋਟੇ ਮੁੰਡੇ ਕੁੜੀਆਂ ਨੂੰ ਖਾਣ ਪੀਣ ਦੇ ਲਾਲਚ ਵਿੱਚ ਉਲਝਾ ਕੇ ਚੁੱਕ ਕੇ ਲੈ ਜਾਂਦੇ ਹਨ ਤੇ ਅੱਗੇ ਜਾ ਕੇ ਇਹ ਰਾਵਣ ਜੋ ਹਾਲ ਇਹਨਾਂ ਬੱਚੇ ਬੱਚੀਆਂ ਦਾ ਕਰਦੇ ਹਨ ਉਹਨਾਂ ਦਾ ਵਰਨਣ ਕਰਨਾ ਵੀ ਮੁਸ਼ਕਿਲ ਹੈ। ਉਹ ਰਾਵਣ ਜਿਹੜੇ ਸਾਡੇ ਦੇਸ਼ ਦੇ ਕੁਦਰਤੀ ਸੋਮਿਆਊ ਰੇਤ ਬਜਰੀ ਮਿੱਟੀ ਪਾਣੀ ਨੂੰ ਗੈਰ ਕੁਦਰਤੀ ਤਰੀਕੇ ਦੇ ਨਾਲ ਨਸ਼ਟ ਕਰਕੇ ਆਪਣੀਆਂ ਝੋਲੀਆਂ ਭਰ ਰਹੇ ਹਨ। ਉਹ ਰਾਵਣ ਜਿਹੜੇ ਧਰਮ ਦੇ ਨਾਂ ਉੱਪਰ ਲੋਕਾਂ ਨੂੰ ਲੜਾ ਰਹੇ ਹਨ ਦੰਗੇ ਕਰਵਾ ਰਹੇ ਹਨ। ਉਹ ਰਾਵਣ ਜਿਹੜੇ ਸਿਆਸੀ ਬਦਲਾਖੋਰੀ ਦੇ ਵਿੱਚ ਉਲਝ ਕੇ ਲੋਕਾਂ ਦੇ ਉੱਪਰ ਨਜਾਇਜ਼ ਕੇਸ ਪਵਾ ਕੇ ਉਹਨਾਂ ਨੂੰ ਪਹਿਲਾਂ ਥਾਣੇ ਜਲੀਲ ਕਰਦੇ ਹਨ ਫਿਰ ਜੇਲਾਂ ਵਿੱਚ ਡੱਕਦੇ ਹਨ। ਉਹ ਰਾਵਣ ਜਿਹੜੇ ਸਿਆਸੀ ਕੁਰਸੀ ਉੱਪਰ ਬਿਰਾਜਮਾਨ ਹੋਣ ਦੇ ਲਈ ਲੋਕਾਂ ਦੇ ਨਾਲ ਸੱਚੇ ਝੂਠੇ ਵਾਅਦੇ ਕਰਦੇ ਹਨ। ਉਹਨਾਂ ਨੂੰ ਲਾਲਚ ਦਿੰਦੇ ਹਨ।

ਰਾਵਣ ਤਾਂ ਹੋਰ ਵੀ ਬਹੁਤ ਨੇ ਆਹ ਪ੍ਰਮੁੱਖ ਰਾਵਣ ਨੇ ਹੈ ਕੋਈ ਜਿਹੜਾ ਇਹਨਾਂ ਨੂੰ ਫੂਕਣ ਦਾ ਹੀਲਾ ਕਰ ਸਕੇਗਾ ਹਾਂ ਹੀਲਾ ਹੋ ਸਕਦਾ ਹੈ ਅੱਕੇ ਥੱਕੇ ਹੋਏ ਲੋਕ ਅਜਿਹੇ ਰਾਵਣਾਂ ਨੂੰ ਕਿਵੇਂ ਨੱਥ ਪਾਉਂਦੇ ਹਨ। ਇਹ ਨੇਪਾਲ ਦੇ ਲੋਕਾਂ ਨੂੰ ਪੁੱਛੋ। ਇੱਕ ਰਾਵਣ ਜਿਸ ਦਾ ਅਸੀਂ ਹਰ ਸਾਲ ਪੁਤਲਾ ਫੂਕ ਕੇ ਉਸ ਨੂੰ ਬਦਨਾਮੀ ਦਿੰਨੇ ਹਾਂ ਤੇ ਆਹ ਜਿਹੜੇ ਰਾਵਣ ਪੈਰ ਦੇ ਉੱਪਰ ਸਮਾਜ ਦੇ ਵਿੱਚ ਅਨੇਕਾਂ ਦੁਸ਼ਵਾਰੀਆਂ ਕਰਦੇ ਹਨ ਇਹਨਾਂ ਨੂੰ ਫੂਕਣ ਦੀ ਸਖ਼ਤ ਲੋੜ ਹੈ।



**ਬਲਬੀਰ ਸਿੰਘ ਬੱਬੀ**
**7009107300**

# ਅਸਲੀ ਰਾਵਣ ਹਜੇ ਜਿਉਂਦਾ ਹੈ

ਪੂਰੇ ਭਾਰਤ ਵਿੱਚ ਦੁਸ਼ਹਿਰੇ ਦਾ ਤਿਊਹਾਰ ਬੜੀ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਰਾਵਣ, ਮੇਘਨਾਥ,ਕੁੰਭਕਰਨ ਦੇ ਪੁਤਲੇ ਜਲਾਏ ਜਾਂਦੇ ਹਨ।ਲੋਕ ਇਕ-ਦੂਜੇ ਨੂੰ ਮਠਿਆਈਆਂ ਤੇ ਤੋਹਫ਼ੇ ਵੰਡਦੇ ਹਨ। ਬਾਜ਼ਾਰ ਸਜੇ ਹੋਏ ਹੁੰਦੇ ਹਨ। ਨੌਂ ਦਿਨ ਮਾਂ ਦੁਰਗਾ ਦੀ ਪੂਜਾ ਹੁੰਦੀ ਹੈ। ਦਸਵੇਂ ਦਿਨ ਦੁਸਹਿਰੇ ਦਾ ਤਿਉਹਾਰ ਮਨਾਇਆ ਜਾਂਦਾ ਹੈ।ਹਿਮਾਚਲ ਪ੍ਰਦੇਸ਼ ਦੇ ਕੁੱਲੂ ਦਾ ਦੁਸਹਿਰਾ ਬਹੁਤ ਪ੍ਰਸਿੱਧ ਹੈ। ਘਰਾਂ ਵਿੱਚ ਜੌਂ ਬੀਜੇ ਜਾਂਦੇ ਹਨ। ਭੈਣਾਂ ਇਹ ਜੌਂ ਆਪਣੇ ਵੀਰਾਂ ਦੀਆਂ ਪੱਗਾਂ ਤੇ ਟੰਗਦਿਆਂ ਹਨ। ਤੇ ਕਣਕ ਦੀ ਬਿਜਾਈ ਵੀ ਸ਼ੁਰੂ ਹੋ ਜਾਂਦੀ ਹੈ।

ਨਰਾਤਿਆਂ ਵਿੱਚ ਰਾਮਲੀਲਾ ਵੀ ਖੇਡੀ ਜਾਂਦੀ ਹੈ।ਸ਼ਹਿਰਾਂ ਵਿੱਚ ਝਾਕੀਆਂ ਕੱਢੀਆਂ ਜਾਂਦੀਆਂ ਹਨ। ਰਾਮ ,ਲਕਸ਼ਮਣ ,ਹਨੂੰਮਾਨ ਜੀ ਦੀ ਝਾਕੀਆਂ ਵੀ ਕੱਢੀਆਂ ਜਾਂਦੀਆਂ ਹਨ।ਰਾਵਣ ਨੂੰ ਜਲਾਉਣਾ ਬਦੀ ਤੇ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ।

ਹਜ਼ਾਰਾਂ ਰੁਪਏ ਖਰਚ ਕਰਕੇ ਰਾਵਣ ਦੇ ਪੁਤਲੇ ਜਲਾਏ ਜਾਂਦੇ ਹਨ। ਵਾਤਾਵਰਣ ਵਿੱਚ ਪ੍ਰਦੂਸ਼ਣ ਹੁੰਦਾ ਹੈ। ਅਸਲੀ ਰਾਵਣ ਤਾਂ ਅਜੇ ਤੱਕ ਵੀ ਨਹੀਂ ਮਰਿਆ ਹੈ। ਪਰਮਾਤਮਾ ਨੇ ਇਨਸਾਨ ਨੂੰ ਧਰਤੀ ਤੇ ਕਿਰਤ ਕਰੋ, ਵੰਡ ਛਕੋ , ਮਿਹਨਤ ਕਰਨ ਲਈ ਭੇਜਿਆ ਸੀ। ਪੈਸੇ ਦੀ ਹੋੜ ਕਾਰਨ ਅੱਜ ਦਾ ਇਨਸਾਨ ਭਰਾ ਭਰਾ ਦਾ ਦੁਸ਼ਮਣ ਬਣ ਗਿਆ ਹੈ। ਪੈਸੇ ਦੀ ਖਾਤਰ ਅੱਜ ਪਿਓ-ਪੁੱਤ ਇਕ ਦੂਜੇ ਦੇ ਦੁਸ਼ਮਣ ਬਣੇ ਹੋਏ ਹਨ।ਇਨਸਾਨ ਕਾਮ ,ਕ੍ਰੋਧ, ਲੋਭ ,ਮੋਹ ,ਹੰਕਾਰ , ਭ੍ਰਿਸ਼ਟਾਚਾਰ ,ਝੂਠ ਫ਼ਰੇਬ ,ਨਿੰਦਾ-ਚੁਗਲੀ ਵਿਚ ਜਕੜਿਆ ਗਿਆ ਹੈ। ਇਕ ਦੂਜੇ ਦੇ ਪ੍ਰਤੀ ਨਫਰਤ ਬਹੁਤ ਜ਼ਿਆਦਾ ਹੈ। ਜੇ ਗੁਆਂਢੀ ਚੰਗੀ ਰੋਟੀ ਖਾ ਰਿਹਾ ਹੈ, ਤਾਂ ਉਸ ਨੂੰ ਜਲਣ ਹੈ ਕਿ ਇਹ ਕਿਉਂ ਵਧੀਆ ਰੋਟੀ ਖਾ ਰਿਹਾ ਹੈ। ਨਰਾਤਿਆਂ ਵਿੱਚ ਅਸੀਂ ਕੰਜਕ ਪੂਜਨ ਕਰਦੇ ਹਨ। ਜੇ ਘਰ ਵਿਚ ਕਿਤੇ ਧੀ ਪੈਦਾ ਹੋ ਜਾਵੇ ਤਾਂ ਕਲੇਸ਼ ਖੜਾ ਹੋ ਜਾਂਦਾ ਹੈ।ਮੁੰਡੇ ਦੀ ਲਾਲਸਾ ਕਰਕੇ ਕਈ ਪਰਿਵਾਰ ਕੁੜੀਆਂ ਨੂੰ ਪੇਟ ਵਿੱਚ ਹੀ ਮਾਰ ਦਿੰਦੇ ਹਨ ।ਕੁੜੀਆਂ ਨੂੰ



ਬੇਗਾਨਾ ਧਨ ਸਮਝਿਆ ਜਾਂਦਾ ਹੈ ।

ਕੰਨਿਆ ਭਰੂਣ ਹੱਤਿਆ ਬਹੁਤ ਹੋ ਰਹੀ ਹੈ।ਔਰਤਾਂ ਨਾਲ ਬਲਾਤਕਾਰ , ਤੇਜ਼ਾਬੀ ਹਮਲੇ, ਛੇੜਛਾੜ ਵਰਗੀ ਘਟਨਾਵਾਂ ਅਸੀਂ ਅਖ਼ਬਾਰਾਂ ਵਿਚ ਪੜ੍ਹਦੇ ਹਨ।ਨਿਰਭਿਆ ਦੇ ਮਾਤਾ-ਪਿਤਾ ਨੂੰ ਤਕਰੀਬਨ ਸਾਢੇ ਸੱਤ ਸਾਲ ਬਾਦ ਇਨਸਾਫ ਮਿਲਿਆ। ਹਾਥਰਸ ਕਾਂਡ ਨੂੰ ਤਾਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ। ਦਰਿੰਦਿਆਂ ਨੇ ਜਬਰ ਜਨਾਹ ਤੋਂ ਬਾਅਦ ਕੁੜੀ ਨੂੰ ਅੱਗ ਲਗਾ ਦਿੱਤੀ। ਪੱਛਮੀ ਬੰਗਾਲ ਜੂਨੀਅਰ ਡਾਕਟਰ ਦਾ ਦਰਿੰਦਿਆਂ ਨੇ ਬਲਾਤਕਾਰ ਕਰਕੇ ਹੱਤਿਆ ਕਰ ਦਿੱਤੀ। ਬੰਗਾਲ ਕੇਸ ਨੂੰ ਕਿਸ ਤਰ੍ਹਾਂ ਭੁੱਲ ਸਕਦੇ ਹਾਂ। ਹਰ ਰੋਜ਼ ਛੋਟੀ ਬੱਚੀਆਂ ਨਾਲ ਮਾੜੇ ਕੰਮ ਹੋ ਰਹੇ ਹਨ। ਔਰਤਾਂ ਬਿਲਕੁਲ ਵੀ ਸੁਰੱਖਿਅਤ ਨਹੀਂ ਹਨ। ਚਾਹੇ ਉਹ ਵੱਡੀ ਉਮਰ ਦੀ ਔਰਤ ਕਿਉਂ ਹੀ ਨਾ ਹੋਵੇ। ਘਰ ਤੋਂ ਬਾਹਰ ਇਕੱਲੀ ਜਾਣ ਵੇਲੇ ਡਰਦੀ ਹੈ।ਵੈਸੇ ਤਾਂ ਸਰਕਾਰ ਬੇਟੀ ਬਚਾਉ, ਬੇਟੀ ਪੜਾਓ ਦਾ ਰਾਗ ਅਲਾਪਦੀ ਰਹਿੰਦੀ ਹੈ। ਛੋਟੀ ਬੱਚੀਆਂ ਨਾਲ ਜ਼ਬਰ ਜ਼ਿਨਾਹ ਹੋ ਰਿਹਾ ਹੈ। ਜੇ ਰਾਵਣ ਅੱਜ ਦੁਬਾਰਾ ਧਰਤੀ ਤੇ ਆ ਜਾਵੇ ਤਾਂ ਉਸਦਾ ਵੀ ਸਿਰ ਸ਼ਰਮ ਨਾਲ ਨੀਵਾਂ ਹੋ ਜਾਏਗਾ, ਕੀ ਔਰਤਾਂ ਜ਼ੁਲਮ ਦਾ ਕਿੰਨਾ ਸ਼ਿਕਾਰ ਹੋ ਰਹੀਆਂ ਹਨ। ਅਸਲੀ ਰਾਵਣ ਦਾ ਸਾਡੇ ਅੰਦਰ ਹੀ ਬੈਠਾ ਹੈਂ।ਅਸਲੀ ਰਾਵਣ ਜੋ ਸਾਡੇ ਮਨਾਂ ਦੇ ਅੰਦਰ ਹੈ, ਇਸ ਨੂੰ ਜਲਾਉਣ ਦੀ ਜ਼ਰੂਰਤ ਹੈ।



**ਸੰਜੀਵ ਸਿੰਘ ਸੈਣੀ**
**ਮੋਹਾਲੀ,,7888966168**

# ਸਾਡਾ ਇਹ ਪਰਿਵਾਰ

ਪਿਆਰੀ ਹਸਤੀਓ ! ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ। ਗੱਭਰੂ, ਮੁਟਿਆਰਾਂ, ਘਰੇਲੂ ਸੁਆਣੀਆਂ, ਪੜ੍ਹੀਆਂ ਲਿਖੀਆਂ ਸਰਕਾਰੀ ਜਾਂ ਪ੍ਰਾਈਵੇਟ ਅਦਾਰਿਆਂ ਵਿੱਚ ਡਿਊਟੀ ਨਿਭਾਉਂਦੀਆਂ ਔਰਤਾਂ, ਵੱਡੇ ਬਜ਼ੁਰਗ, ਛੋਟੇ ਬੱਚੇ ਸਾਰੇ ਹੀ ਫੇਸਬੁੱਕ 'ਤੇ ਸਰਗਰਮ ਹਨ। ਲਗਪਗ ਅੱਠ ਕੁ ਸਾਲਾਂ ਤੋਂ ਮੈਂ ਵੀ ਫੇਸਬੁੱਕ 'ਤੇ ਹਾਂ। ਮੇਰੇ ਨਾਲ਼ ਫੇਸਬੁੱਕ ਉੱਤੇ ਜੁੜੀਆਂ ਸ਼ਖ਼ਸੀਅਤਾਂ ਵਿੱਚੋਂ ਕੁਝ ਮੈਨੂੰ ਵੱਡੀ ਭੈਣ ਵਾਂਗ ਪਿਆਰ, ਸਨੇਹ, ਆਸ਼ੀਰਵਾਦ ਅਤੇ ਸ਼ੁੱਭ ਇੱਛਾਵਾਂ ਦਿੰਦੀਆਂ ਹਨ। ਕੁਝ ਬਾਪੂ ਵਾਂਗ ਸਮੇਂ-ਸਮੇਂ 'ਤੇ ਘੂਰ ਘੱਪ ਵੀ ਕਰਦੇ ਹਨ, ਜਿਸ ਨਾਲ਼ ਸਿੱਧੇ ਰਾਹ ਤੁਰਨ ਦੀ ਆਦਤ ਹੋਰ ਦ੍ਰਿੜ੍ਹ ਅਤੇ ਪੱਕੀ ਹੁੰਦੀ ਰਹਿੰਦੀ ਹੈ। ਕੁਝ ਛੋਟੀਆਂ ਭੈਣਾਂ ਵਾਂਗ ਬੇਹੱਦ ਪਿਆਰ, ਮੁਹੱਬਤ, ਖ਼ਲੂਸ ਅਤੇ ਮੋਹ ਕਰਦੀਆਂ ਹਨ। ਕੁਝ ਛੋਟੀ ਉਮਰ ਦੀਆਂ ਬਹੁਤ ਹੀ ਪਿਆਰੀਆਂ ਕੁੜੀਆਂ ਅਤੇ ਨੌਜਵਾਨ ਮੁੰਡੇ (ਅਠਾਰਾਂ ਤੋਂ ਪੱਚੀ ਸਾਲ) ਹਨ, ਜਿਹੜੇ ਮੈਨੂੰ 'ਬਾਪੂ ਜੀ' ਕਹਿ ਕੇ ਸੱਦਦੇ ਹਨ। ਬਹੁਤ ਸਾਰੀਆਂ ਅਜਿਹੀਆਂ ਪਿਆਰੀਆਂ (ਔਰਤਾਂ ਤੇ ਪੁਰਸ਼ ਪੰਤਾਲੀ ਤੋਂ ਸੱਠ ਸਾਲ ਦੀ ਉਮਰ ਗੁੱਟ ਦੇ) ਹਸਤੀਆਂ ਹਨ, ਜਿਹੜੀਆਂ ਮੈਨੂੰ ਸਤਿਕਾਰਯੋਗ ਜੀਓ, ਸਰ, ਰਸਪੈਕਟਿਡ ਸਰ, ਵੀਰ ਜੀ , ਭਰਾ ਜੀ, ਪ੍ਰਿੰਸੀਪਲ ਸਾਹਿਬ, ਡਾਕਟਰ ਸਾਹਿਬ ਆਦਿ ਸੰਬੋਧਨਾਂ ਨਾਲ਼ ਬਾਵਾਸਤਾ ਹੁੰਦੀਆਂ ਹਨ।

ਕੁਝ ਬਹੁਤ ਹੀ ਜ਼ਿਆਦਾ ਸੂਝਵਾਨ, ਮੌਲਿਕ ਸਿਰਜਣਾ ਕਰਨ ਵਾਲ਼ੀਆਂ, ਸਮਾਜ, ਸਿੱਖਿਆ ਅਤੇ ਵਿਦਿਆਰਥੀਆਂ ਲਈ ਸਮਰਪਿਤ ਹੋ ਕੇ ਪੜ੍ਹਾਉਣ ਵਾਲ਼ੀਆਂ, ਬਹੁਤ ਹੀ



ਸੰਵੇਦਨਸ਼ੀਲ, ਚੁਲਬੁਲੀਆਂ ਅਧਿਆਪਕਾਵਾਂ ਹਨ, ਜਿਨ੍ਹਾਂ ਨੂੰ ਮੈਂ ਮੇਰੀ ਪਿਆਰੀ ਗੁੜੀਆ, ਪਿਆਰੀ ਪਰੀ, ਪਿਆਰੇ ਪੁੱਤਰ, ਪਿਆਰੇ ਦੋਸਤ ਆਦਿ ਨਾਵਾਂ ਨਾਲ਼ ਸੰਬੋਧਨ ਕਰਦਾ ਹਾਂ। ਇਨ੍ਹਾਂ ਵਿੱਚੋਂ ਕਈਆਂ ਦੇ ਪਤੀਦੇਵ ਨੇ ਮੇਰੇ ਨਾਲ਼ ਫ਼ੋਨ 'ਤੇ ਵੀ ਗੱਲ ਕੀਤੀ ਹੈ। ਉਨ੍ਹਾਂ ਵਿੱਚੋਂ ਚਾਰ ਕੁ ਸੱਜਣਾਂ ਨੇ ਤਾਂ ਮੈਨੂੰ ਇੱਕ ਪ੍ਰਸ਼ਨ ਵੀ ਕੀਤਾ ਹੈ, "ਸਰ, ਤੁਸੀਂ ਇਹਦਾ ਨਾਂ 'ਪਰੀ' ਰੱਖਿਆ ਹੈ। ਪਰੰਤੂ ਮੈਨੂੰ ਤਾਂ ਪਿਛਲੇ ਦਸ ਸਾਲਾਂ 'ਚ ਇਹਦੇ ਵਿੱਚ ਪਰੀ ਵਾਲ਼ਾ ਇੱਕ ਵੀ ਗੁਣ ਨਜ਼ਰੀਂ ਨਹੀਂ ਆਇਆ।"

ਦੋਸਤੋ !!! ਮੈਂ ਸਮਝਦਾਂ ਕਿ ਸਾਡਾ ਇਹ ਫੇਸਬੁੱਕ 'ਤੇ ਜੁੜਿਆ ਪਰਿਵਾਰ ਸਾਨੂੰ ਮਾਨਸਿਕ ਸੰਤੁਸ਼ਟੀ, ਖ਼ੁਸ਼ੀ, ਆਨੰਦ ਅਤੇ ਬਹੁਤ ਸਾਰੀ ਸੂਝ-ਬੂਝ ਭਰੀ ਜਾਣਕਾਰੀ ਨਾਲ਼ ਸਾਨੂੰ ਜੋੜਦਾ ਹੈ। ਮੇਰੀ ਦਿਲੀ ਰੀਝ ਹੈ ਕਿ ਫ਼ੇਸਬੁੱਕ 'ਤੇ ਦੋਸਤੀ ਅਤੇ ਪਿਆਰ ਦੀ ਬਣੀ ਇਹ ਤੰਦ ਹਮੇਸ਼ਾ ਕਾਇਮ ਰਹੇ, ਪੀਡੀ ਹੁੰਦੀ ਰਹੇ ਅਤੇ ਸਾਰੀਆਂ ਪਿਆਰੀਆਂ ਰੂਹਾਂ ਨੂੰ ਇੱਕ ਦੂਜੇ ਨਾਲ਼ ਜੋੜੀਂ ਰੱਖੇ, ਆਮੀਨ। -

ਰਿਸ਼ਤੇ ਬਣਦੇ ਰਹਿਣ, ਏਨਾ ਹੀ ਬਹੁਤ ਹੈ।
ਸਭ ਹੱਸਦੇ ਰਹਿਣ, ਏਨਾ ਹੀ ਬਹੁਤ ਹੈ।
ਹਰ ਕੋਈ ਹਰ ਵਕਤ ਸਾਥ ਨਹੀਂ ਦੇ ਸਕਦਾ,
ਯਾਦ ਇੱਕ ਦੂਜੇ ਨੂੰ ਕਰਦੇ ਰਹਿਣ, ਏਨਾ ਹੀ ਬਹੁਤ ਹੈ।
ਸਦਾ ਹੱਸਦੇ ਵੱਸਦੇ ਰਹੋ, ਖ਼ੁਸ਼ ਰਹੋ, ਚੜ੍ਹਦੀ ਕਲਾ ਵਿੱਚ ਰਹੋ।



**ਡਾ. ਇਕਬਾਲ ਸਿੰਘ ਸਕਰੌਦੀ।**

# ਨੌਂ ਸੌ ਵੀਹ ਦੇ ਟਾਇਰ ਮਰਸਰੀ ਟਾਟਾ ਦੀ।
# ਨਰਮ ਕੁੜੀ ਦੇ ਪੈਰ, ਚੱਪਲ ਪਾਈ ਬਾਟਾ ਦੀ

ਉਹਨਾਂ ਵੇਲਿਆਂ ਦੀਆਂ ਗੱਲਾਂ ਨੇ ਜਦ ਭਾਰਤ ਵਿਚ ਕੰਪਨੀਆਂ ਦਾ ਪਸਾਰਾ ਨਹੀਂ ਹੋਇਆ ਸੀ। ਕੋਈ ਛੋਲਗਓਟਇ, ਲੁਣ ਵਗੈਰਾ ਬਹੁਤ ਘੱਟ ਜਾਣਦੇ ਸੀ। ਉਦੋਂ ਪੰਜਾਬ ਦੇ ਪਿੰਡਾਂ ਵਿੱਚ ਦੋ ਹੀ ਕੰਪਨੀਆਂ ਦਾ ਨਾਮ ਜਿਆਦਾ ਲੋਕ ਜਾਣਦੇ ਸੀ ਟਾਟਾ ਤੇ ਬਾਟਾ ਬਾਰੇ। ਕਿਉਂਕਿ ਦਾਤਨ ਹੀ ਸਭ ਦੇ ਹੱਥ ਹੁੰਦੀ ਸੀ।ਇਸ ਲਈ ਕਿਸੇ ਨੂੰ ਟੌਟਹ ਪਏਸਟ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਸੀ।

ਜਦ ਸਿਆਲਾਂ ਦੀ ਨਿੱਘੀ ਧੁੱਪ ਸੇਕ ਰਹੇ ਬਜੁਰਗ, ਸਣ ਦੇ ਗਰਨੇ ਉਧੇੜ ਪਹਿਲਾਂ ਉਹਦੀ ਸਣ ਲਾਹੁੰਦੇ ਤੇ ਫਿਰ ਉਹਨਾਂ ਦੀਆਂ ਹੀ ਰੱਸੀਆਂ ਬਣਾਉਂਦੇ ਆਮ ਦੇਖੇ ਜਾਂਦੇ ਸੀ। ਕੋਲ ਹੀ ਕੋਈ ਲਿਆ ਕੇ ਪਹਿਲਾਂ ਛਟੀਆਂ ਸੁੱਟਦਾ, ਅੱਗ ਲਾਉਂਦਾ, ਕੋਈ ਵਿਚ ਲਿਆ ਕੇ ਕੱਚਾ ਛੋਲੂਆ ਸੂਟ ਦਿੰਦਾਂ, ਫਿਰ ਸਭ ਇਕੱਠੇ ਹੋ ਕੇ ਹੋਲਾਂ ਚਬਦੇ ਤੇ ਹਾਸੇ ਠੱਠੇ ਦੀਆਂ ਗੱਲਾਂ ਕਰਦੇ। ਗਜ ਭਰ ਦਾ ਘੁੰਢ ਕੱਢ ਕੇ ਆ ਰਹੀ ਜਗੀਰੋ ਨੂੰ ਤੋਰ ਤੋਂ ਹੀ ਸਿਆਣ ਕੇ ਕੋਈ ਕਰਤਾਰਾ ਖੰਘੂਰਾ ਮਾਰ ਕੇ ਬੋਲਦਾ, ਰਾਤ ਸਾਗ ਵਿਚ ਮਿਰਚਾਂ ਕੁਛ ਜਿਆਦਾ ਹੀ ਸੀ। ਤੇ ਉਧਰੋਂ ਵੀ ਸਮਝਦੀ ਹੋਈ, ਕੋਈ ਅਜਿਹਾ ਜਵਾਬ ਦਿੰਦੀ ਕਿ ਸਣ ਛਿੱਲ ਰਹੇ ਕਰਤਾਰੇ ਨੂੰ ਕੋਈ ਜਵਾਬ ਨਾ ਔੜਦਾ।

ਉਹਨਾਂ ਸਮਿਆਂ ਵਿੱਚ ਬੱਸਾਂ ਦੇ ਪਿੱਛੇ ਲਿਖੀ ਤੇ ਅੰਦਰ ਲਿਖੀ ਸ਼ਾਇਰੀ ਪੜਨ ਦਾ ਇਕ ਅਲੱਗ ਹੀ ਸਵਾਦ ਸੀ। ਕਿਸੇ ਬੱਸ ਵਿਚ ਲਿਖਿਆ ਹੁੰਦਾ ਸੀ

ਨੀਂਦ ਨਾ ਵੇਖੇ ਬਿਸਤਰਾ
ਭੁੱਖ ਨਾ ਦੇਖੇ ਮਾਸ
ਮੌਤ ਨਾ ਵੇਖੇ ਉਮਰ ਨੂੰ
ਇਸ਼ਕ ਨਾ ਪੁੱਛਦਾ ਜਾਤ।

ਉਦੋਂ ਬੱਚਿਆਂ ਦੀਆਂ ਖੇਡਾਂ ਲੀਰਾਂ ਦੀ ਖੁੱਦੋ, ਸਣ ਦੇ ਗ਼ਰਨੇ ਦਾ ਜਹਾਜ, ਅਖ਼ਬਾਰਾਂ ਤੋਂ ਬਣੀ ਪਤੰਗ, ਕਣਕ ਦੇ ਸੱਲਰੇ ਤੇ ਅੱਕ ਦੀ ਭੰਬੀਰੀ ਨਾਲ ਬਣੀ ਫੂਕ ਮਾਰ ਕੇ ਚੱਲਣ ਵਾਲੀ ਭੰਬੀਰੀ ਸਮੇਤ, ਚੀਕਣੀ ਮਿੱਟੀ ਦੇ ਟਰੈਕਟਰ, ਖੇਤੀ ਸੰਦ ਬਣਾਉਣੇ, ਮਿੱਟੀ ਦੇ ਹੀ ਜਾਨਵਰ ਬਣਾਉਣੇ, ਪੰਛੀ ਬਣਾਉਣੇ ਤਰਾਂ ਤਰਾਂ ਦੇ ਸ਼ੁਗਲਾਂ ਵਿਚ ਜਵਾਕ ਬਿਜ਼ੀ ਰਹਿੰਦੇ। ਤੇ ਰਾਤ ਹੁੰਦੇ ਹੀ ਛੂਪ ਛੂਪਾਈ ਖੇਲਣਾ ਆਮ ਗੱਲ ਸੀ। ਜਿਹੜਾ ਹੁਣ ਬਿਲਕੁਲ ਅਲੋਪ ਹੀ ਹੋ ਚੱਲਿਆ ਹੈ। ਕੁੜੀਆਂ ਵੱਲੋਂ ਇਕੱਠੀਆਂ ਹੋ ਕੇ ਚਰਖਾ ਕੱਤਣਾ, ਅੱਗੇ ਊਰੀਆਂ ਤੇ ਗਲੋਟੇ ਫਿਰ ਪੂਰਾ ਤਾਣਾ ਪੇਟਾ ਤਣਕੇ ਖੱਡੀ ਤੇ ਦਰੀਆਂ ਬੁਣਨਾ, ਲੱਕੜੀ ਦੇ ਅੱਡੇ ਤੇ ਭਾਂਤ ਭਾਂਤ ਦੇ ਡਿਜ਼ਾਇਨ ਦੇ ਨਾਲੇ ਬੁਣਨਾ, ਇਕੱਠੀਆਂ ਹੋ ਕੇ ਦਸੂਤੀ ਨਾਲ ਚਾਦਰਾਂ ਕੱਢਣੀਆਂ ਆਮ ਜਿਹੀ ਗੱਲ ਸੀ। ਜਿਸ ਨਾਲ ਉਹਨਾਂ ਦਾ ਹਾਸਾ ਠੱਠਾ ਖੇਡਦੇ ਹੋਏ ਟਾਇਮ ਪਾਸ ਕਰਦੇ ਹੋਏ ਆਪਣਾ ਦਾਜ ਤਿਆਰ ਕਰ ਲੈਣਾ ਜਿਵੇਂ ਖੇਡ ਵਾਂਗ ਹੁੰਦਾ ਸੀ। ਭਾਰਤ ਭਾਂਤ ਦੀਆਂ ਪੱਖੀਆਂ, ਦਾਜ ਲਈ ਇਕੱਠੀਆਂ ਕਰਦੀਆਂ ਤੇ ਘਰ ਦੀ ਵਰਤੋਂ ਲਈ ਅਲੱਗ ਤਿਆਰ ਕਰ ਲੈਂਦੀਆਂ ਸਨ।

ਸੰਨ ਸੱਤਰ ਤੋਂ ਪਹਿਲਾਂ ਦੇ ਲੋਕ ਹੀ ਹਨ, ਜਿਹਨਾ ਨੇ ਇੱਕ ਪੈਸਾ, ਦੁੱਕੀ, ਤਿੱਕੀ, ਪੰਜੀ, ਦਸੀ, ਚਵਾਨੀ ਤੱਕ ਚਲਾਈ ਹੈ। ਹੁਣ ਤਾਂ ਭਾਵੇਂ ਇਹ ਸਾਰੇ ਪੈਸੇ ਲੁਪਤ ਹੀ ਹੋ ਚੁੱਕੇ ਹਨ। ਪਰ ਕਦੀ ਇਹਨਾ ਦਾ ਬੜਾ ਮੁੱਲ ਸੀ। ਕਈ ਵਾਰ ਕਚ ਦੀਆਂ ਗੋਲੀਆਂ ਖੇਡਦੇ ਵੱਡੇ ਬੱਚੇ, ਆਪਸ ਵਿੱਚ ਇਹਨਾ ਪੈਸਿਆਂ ਨਾਲ ਵੀ ਖੇਡਦੇ ਸਨ। ਪਰ ਸਮਾਜਵਿਚ ਇਸਨੂੰ ਬੜਾ ਬੁਰਾ ਮੰਨਿਆ ਜੰਦਾ ਸੀ।

ਉਹਨਾਂ ਸਮਿਆਂ ਵਿੱਚ ਜੇਕਰ ਕੋਈ ਬਿਮਾਰ ਹੋ ਕੇ ਨੇੜੇ ਦੇ ਸ਼ਹਿਰ ਦਵਾਈ ਲੈਣ ਜੰਦਾ ਸੀ ਤਾਂ ਅੱਧੇ ਪਿੰਡ ਨੂੰ ਫ਼ਿਕਰ ਹੋ ਜੰਦਾ ਸੀ ਕਿ ਅਜਿਹਾ ਕੀ ਹੋ ਗਿਆ ? ਪਰ ਜੇਕਰ ਕਿਸੇ ਦੀ ਖਬਰ ਆਉਂਦੀ, ਕਿ ਫਲਾਣੇ ਬੰਦੇ ਨੂੰ ਹਸਪਤਾਲ ਵਿਚ ਦਾਖਲ ਕੀਤਾ ਹੈ ਤਾਂ ਅੱਧੇ ਪਿੰਡ ਦੀ ਰੋਟੀ ਛੁੱਟ ਜਾਂਦੀ ਸੀ। ਬਹੁਤ ਪਿਆਰ ਸੀ ਲੋਕਾਂ ਵਿਚ।

ਕਿੰਨੀਆਂ ਹੀ ਚੀਜ਼ਾਂ ਦੀ ਉਧਾਰ ਸਿਰਫ ਬਰਤਨਾਂ ਦੇ ਤੋਲ ਰਾਹੀ ਇਕ ਦੂਜੇ ਦੇ ਘਰ ਤੋਂ ਲਿਆਉਣਾ ਆਮ ਗੱਲ ਸੀ। ਕੋਈ ਕਿਸੇ ਦੇ ਘਰ ਸ਼ੱਕਰ, ਖੰਡ, ਚਾਹ ਪੱਤੀ, ਦਾਲ ਦਾ ਅਚਾਨਕ ਮੁੱਕ ਜਾਣਾ ਤਾਂ ਦੂਸਰੇ ਦੇ ਘਰ ਤੋਂ ਉਧਾਰ ਫੜ ਲਿਆਉਣਾ। ਦਾਲ ਸਬਜੀ ਦੀ ਕੌਲੀ ਇੱਕ ਦੂਜੇ ਦੇ ਘਰ ਤੋਂ ਫੜਨ ਦਾ ਰਿਵਾਜ ਤਾਂ ਅੱਜ ਵੀ ਪਿੰਡਾਂ ਵਿਚ ਆਮ ਚਲਦਾ।

ਜਵਾਨ ਹੋ ਰਹੇ ਮੁੰਡੇ, ਸਕੂਲ ਤੋਂ ਬਾਅਦ ਮੱਝਾਂ ਨਵਾਉਂਦੇ, ਟੋਭੇ ਤੇ ਲਿਜਾਂਦੇ, ਖੇਡ ਖੇਡ ਵਿਚ ਹੀ ਕਦ ਤੈਰਨਾ ਕੁੱਦਣਾ ਸਿੱਖ ਜਾਂਦੇ, ਪਤਾ ਨਹੀਂ ਚਲਦਾ ਸੀ। ਉਦੋਂ ਲੋਕਾਂ ਦੀ ਖੁਰਾਕ ਵਿੱਚ ਖੇਤ ਵਿਚੋਂ ਪੁੱਟ ਕੇ ਸ਼ਲਗਮ, ਮੂਲੀਆਂ, ਗਾਜਰਾਂ ਖਾਣੀਆਂ ਆਮ ਗੱਲ ਸੀ। ਖ਼ਾ ਕੇ ਜਦ ਰੱਜ ਜਾਂਦੇ, ਪੁੱਤ ਕੇ ਗੰਨਾ ਚੂਪ ਲੈਣ ਨਾਲ ਸਭ ਉੱਥੇ ਹੀ ਹਜ਼ਮ ਹੁੰਦਾ ਸੀ। ਖੁੱਲ੍ਹਾ ਖਾਣ ਕਰਕੇ ਜੁੱਸੇ ਮਜ਼ਬੂਤ ਸਨ।ਸ਼ਾਮ ਦੇ ਸਮੇਂ ਪਿੰਡਾਂ ਵਿਚ ਆਪਸ ਵਿੱਚ ਕਬੱਡੀ ਖੇਡਣਾ, ਕੁਸ਼ਤੀ ਕਰਨਾ ਆਮ ਗੱਲ ਸੀ। ਸਾਂਝੀ ਜਗ੍ਹਾ ਵਿਚ ਰੱਖੇ ਛੋਟੇ ਵੱਡੇ ਸਾਈਜ਼ ਦੇ ਮੁਗਧਰ ਚੁੱਕਣ ਦਾ ਕੰਪੀਟੀਸ਼ਨ ਵੀ ਨਾਲ ਨਾਲ ਚਲਦਾ ਸੀ।

ਅੱਜ ਵੀ ਜਦ ਉਹ ਸਮਾਂ ਯਾਦ ਆਉਂਦਾ ਤਾਂ ਰਫੀ ਸਾਹਿਬ ਦਾ ਗਾਣਾ ਵੀ ਨਾਲ ਹੀ ਚੇਤੇ ਆਉਂਦਾ,
ਕੋਈ ਲੌਟਾ ਦੇ ਮੇਰੇ ਬੀਤੇ ਹੋਏ ਦਿਨ



**ਵੈਦ ਬਲਵਿੰਦਰ ਸਿੰਘ ਢਿੱਲੋਂ**
**ਵਿੰਨੀਪੈਗ ਵਾਲੇ**
**+14312932265**


# ਅਖੇ ਇਹ ਧੀ ਹੁੰਦੀ ਹੈ



ਇੱਕ ਦਿਨ ਫਬ ਨੂੰ ਅੰਗੂਠੇ ਨਾਲ ਅੱਗੇ ਹੋਰ ਅੱਗੇ ਕਰਦੇ ਦੇ ਇੱਕ ਫੋਟੋ ਨਜ਼ਰੀਂ ਪਈ। ਜਿਸ ਵਿੱਚ ਕਿਸੇ ਨੇ ਸੁਨਹਿਰੀ ਜੁੱਤੀ, ਲਾਲ ਪੱਗ (ਬੰਨੀ ਹੋਈ), ਸੋਨੇ ਦਾ ਕੜਾ, ਸੋਹਣੀ ਵਰਦੀ, ਮੋਬਾਈਲ ਫੋਨ, ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ, ਇਕ ਤਸਵੀਰ ਅਤੇ ਆਈਡੈਂਟਟੀ ਕਾਰਡ ਨੂੰ ਕਿਸੇ ਸ਼ੋਅ ਕੇਸ ਵਿੱਚ ਸਜਾਇਆ ਹੋਇਆ ਸੀ। ਜੋ ਇਹਨਾਂ ਵਸਤੂਆਂ ਪ੍ਰਤੀ ਕਿਸੇ ਦੇ ਮੋਹ ਨੂੰ ਦਿਖਾ ਰਿਹਾ ਸੀ। ਇਹ ਤਸਵੀਰ ਵੇਖਕੇ ਮੇਰਾ ਅੰਗੂਠਾ ਵੀ ਰੁੱਕ ਗਿਆ ਤੇ ਦਿਲ ਵੀ। ਫੋਟੋ ਨੂੰ ਨੀਝ ਲਾਕੇ ਵੇਖਿਆ ਤਾਂ ਇਹ ਜਾਣੀ ਪਹਿਚਾਣੀ ਜਿਹੀ ਨਜ਼ਰ ਆਈ। ਪਰ ਮੈਨੂੰ ਯਕੀਨ ਜਿਹਾ ਨਾ ਹੋਇਆ। ਇਹ ਤਸਵੀਰ ਤਾਂ ਵੈਨ ਵਾਲੇ ਬਲਜੀਤ ਸਿੰਘ ਦੀ ਹੈ। ਉਹ ਤੁਰ ਗਿਆ। ਮੈਨੂੰ ਹੈਰਾਨੀ ਹੋਈ। ਜਦੋਂ ਮੈਂ 2019 ਚ ਸਕੂਲ ਛੱਡਿਆ ਤਾਂ ਉਹ ਭਰ ਨੌਜਵਾਨ ਚੰਗਾ ਭਲਾ ਸੀ। ਉਸ ਨੇ ਪਿਛਲੇ ਕਈ ਸਾਲਾਂ ਤੋਂ ਸਕੂਲ ਵੈਨ ਪਾਈ ਹੋਈ ਸੀ। ਯਾਨੀ ਉਹ ਸਾਡੇ ਟਰਾਂਸਪੋਰਟ ਠੇਕੇਦਾਰਾਂ ਚੋ ਇੱਕ ਸੀ। ਮੈਂ ਉਸ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਅਣ ਦਾਹੜੀਆਂ ਜਿਹਾ ਜੁਆਕ ਸੀ। ਫਿਰ ਉਸ ਦਾ ਵਿਆਹ ਹੋ ਗਿਆ। ਮੇਰਾ ਉਸ ਨਾਲ ਨਿੱਤ ਦਾ ਵਾਹ ਸੀ। ਕਈ ਵਾਰੀ ਅਸੀਂ ਟੂਰਨਾਮੈਂਟ, ਆਜ਼ਾਦੀ ਦੇ ਜਸ਼ਨਾਂ ਅਤੇ ਸਾਇੰਸ ਮੁਕਾਬਲਿਆਂ ਵਿੱਚ ਬੱਚੇ ਬਾਹਰਲੇ ਸ਼ਹਿਰਾਂ ਵਿੱਚ ਭੇਜਣੇ ਹੁੰਦੇ ਸਨ। ਵੈਨਾਂ ਦੀ ਐਡਜਸਟਮੈਂਟ ਕਰਨੀ ਹੁੰਦੀ ਸੀ। ਉਹ ਮੇਰੇ ਕੋਲ੍ਹ ਆਉਂਦਾ। ਪੈਸੇ ਖਰਚੇ ਦੀ ਗੱਲ ਕਰਦਾ। ਆਪਣੀ ਗੱਲ ਤਰਕ ਨਾਲ ਕਰਦਾ। ਬਹਿਸ ਨਾ ਕਰਦਾ। "ਜਿਵੇਂ ਤੁਹਾਡੀ ਮਰਜ਼ੀ" ਕਹਿਕੇ ਗੱਲ ਮੇਰੇ ਤੇ ਸੁੱਟ ਦਿੰਦਾ। ਉਹ ਵੈਨ ਮਾਲਿਕਾਂ ਦੀਆਂ ਸਮੱਸਿਆ ਲੈਕੇ ਮੇਰੇ ਕੋਲ੍ਹ ਆਉਂਦਾ। ਮੇਰੇ ਨਾਲ ਗੱਲ ਬਲਜੀਤ ਹੀ ਕਰਦਾ। ਕਿਉਂਕਿ ਬਾਕੀ ਦੀਆਂ ਵੈਨਾਂ ਵਾਲੇ ਜਲਦੀ ਗਰਮੀ ਖਾ ਜਾਂਦੇ ਸਨ। ਇਸ ਨੂੰ ਗੱਲ ਕਰਨ ਦਾ ਤਰੀਕਾ ਸੀ। ਆਮ ਤੌਰ ਤੇ ਉਹ ਸਾਦੇ ਜਿਹੇ ਕਪੜੇ ਪਾਉਂਦਾ ਡਰਾਈਵਰਾਂ ਵਾਲੇ ਜਾਂ ਵਰਦੀ। ਪਰ ਸਕੂਲ ਦੇ ਕਿਸੇ ਸਮਾਰੋਹ ਵਗੈਰਾ ਤੇ ਉਹ ਸੁਨਿਹਰੀ ਜਿਹੇ ਰੰਗ ਦਾ ਕੋਟ ਪੈਂਟ ਪਾਉਂਦਾ ਤੇ ਨਿਖਰਿਆਂ ਜਿਹਾ ਲੱਗਦਾ। ਫੋਟੋ ਤੇ ਉਸਦੇ ਜਾਣ ਦੀ 18 07 2023 ਦੀ ਤਰੀਕ ਪਾਈ ਹੋਈ ਸੀ। ਇਹ ਕਿਵੇਂ ਹੋ ਸਕਦਾ ਹੈ ਕਿ ਕਿਸੇ ਨੇ ਮੈਨੂੰ ਦੱਸਿਆ ਨਾ ਹੋਵੇ। ਮੈਂ ਅਕਸਰ ਸਕੂਲ ਦੀ ਪੁਰਾਣੀ ਸੇਵਾਦਾਰ ਤੋਂ ਸਭ ਦੀ ਸੁੱਖਸਾਂਦ ਪੁੱਛਦਾ ਰਹਿੰਦਾ ਹਾਂ। ਉਹ ਵੀ ਪੂਰੀ ਰਿਪੋਰਟ ਦਿੰਦੀ ਹੈ। ਭਾਵੇਂ ਮੈਥੋਂ ਕਿਸੇ ਦੇ ਦੁੱਖ ਸੁੱਖ ਤੇ ਪਹੁੰਚਿਆ ਨਾ ਜਾਵੇ ਪਰ ਖੁਸ਼ੀ ਦਾ ਜਾਂ ਆਹ ਦਾ ਨਾਅਰਾ ਤਾਂ ਮਾਰ ਹੀ ਦੇਈਦਾ ਹੈ। ਮੈਂ ਆਪਣੀ ਇਸ ਗੱਲ ਦੀ ਪੁਸ਼ਟੀ ਲਈ ਉਸੇ ਸੇਵਾਦਾਰ ਨੂੰ ਫੋਨ ਕੀਤਾ। ਕਦੇ ਇਹੋ ਜਿਹੀਆਂ ਗੱਲਾਂ ਵੀ ਝੂਠ ਹੋਈਆਂ ਹਨ। ਉਸ ਨੇ ਮੈਨੂੰ ਬਲਜੀਤ ਦੀ ਬਿਮਾਰੀ ਅਤੇ ਰੁਖਸਤ ਹੋਣ ਬਾਰੇ ਦੱਸਿਆ। ਜਦੋਂ ਮੈਂ ਪੋਸਟ ਪਾਉਣ ਵਾਲੇ ਦਾ ਪ੍ਰੋਫ਼ਾਈਲ ਦੇਖਿਆ ਤਾਂ ਇਹ ਅਮਨਦੀਪ ਦਾ ਸੀ। ਇਹ ਸ਼ਾਇਦ ਮੇਰੇ ਸਕੂਲ ਦੀ ਵਿਦਿਆਰਥਣ ਵੀ ਰਹੀ ਹੋਵੇ ਤੇ ਮੇਰੇ ਆਉਣ ਤੋਂ ਬਾਅਦ ਓਥੇ ਟੀਚਰ ਵੀ ਲੱਗੀ ਸੀ। ਹੁਣ ਮੇਰੀਆਂ ਅੱਖਾਂ ਵਿੱਚ ਬਲਜੀਤ ਦੇ ਜਾਣ ਦੇ ਹੰਝੂ ਨਹੀਂ ਸਗੋਂ ਇੱਕ ਧੀ ਦਾ ਪਿਓ ਪ੍ਰਤੀ ਪਿਆਰ ਵੇਖਕੇ ਖੁਸ਼ੀ ਦੇ ਸਨ। ਪਿਓ ਨੂੰ ਪਿਆਰ ਕਰਨਾ ਸ਼ਾਇਦ ਧੀਆਂ ਦੇ ਹਿੱਸੇ ਹੀ ਆਇਆ ਹੈ ਮੁੰਡੇ ਤਾਂ ਅਸੀਂ ਵਾਰਸ ਪੈਦਾ ਕਰਨ ਲਈ ਹੀ ਜੰਮਦੇ ਹਾਂ।

**ਰਮੇਸ਼ ਸੇਠੀ ਬਾਦਲ**
**9876627233**

ਸਮਾਜ ਵੀਕਲੀ ਨਿਊਜ਼






# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਨੂੰ ਆਰ ਓ ਸਿਸਟਮ ਭੇਟ

## ਸਮਾਜ ਸੇਵਾ ਵਿੱਚ ਹਮੇਸ਼ਾ ਮੋਹਰੀ ਰਹਿੰਦੇ ਹਨ ਡਾ. ਐਸ.ਪੀ. ਸਿੰਘ ਉਬਰਾਏ – ਡੀ.ਐਸ.ਪੀ ਗੁਰਪ੍ਰੀਤ ਸਿੰਘ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਰਕਾਰੀ ਰਜਿੰਦਰਾ ਕਾਲਜ, ਬਠਿੰਡਾ ਨੂੰ 100 ਲੀਟਰ ਸਮਰੱਥਾ ਦਾ ਆਰ ਓ ਸਿਸਟਮ ਭੇਟ ਕੀਤਾ। ਡਾ. ਐਸ. ਪੀ. ਸਿੰਘ ਉਬਰਾਏ ਦੀ ਗਤੀਸੀਲ ਅਗਵਾਈ ਹੇਠ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਦਿਸ਼ਾ ਨਿਰਦੇਸ਼ਾ ਅਨੁਸਾਰ, ਇਸ ਆਰ ਓ ਸਿਸਟਮ ਦਾ ਉਦਘਾਟਨ ਡੀ. ਐਸ. ਪੀ ਗੁਰਪ੍ਰੀਤ ਸਿੰਘ ਸਪੈਸ਼ਲ ਅਤੇ ਸਕਿਓਰਿਟੀ ਬਰਾਂਚ ਨੇ ਬਠਿੰਡਾ ਇਕਾਈ ਦੀ ਮੌਜੂਦਗੀ ਵਿੱਚ ਆਪਣੇ ਕਰ ਕਮਲਾ ਨਾਲ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ. ਐਸ. ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਸਮਾਜ ਸੇਵਾ ਲਈ ਡਾ. ਐਸ. ਪੀ ਸਿੰਘ ਉਬਰਾਏ ਹਮੇਸ਼ਾ ਮੋਹਰੀ ਰਹਿੰਦੇ ਹਨ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਜਿਵੇਂ - ਲੋੜਵੰਦਾ ਨੂੰ ਪੈਨਸ਼ਨਾਂ, ਲੋੜਵੰਦਾਂ ਲਈ ਲੈਬੋਰੇਟਰੀਆਂ, ਲੋੜਵੰਦ ਲੋਕਾਂ ਦਾ ਇਲਾਜ ਕਰਵਾਉਣਾ, ਲੋੜਵੰਦ ਬੱਚਿਆਂ ਲਈ ਫੀਸਾਂ ਵਗੈਰਾ ਦਾ ਪ੍ਰਬੰਧ ਕਰਨਾ, ਪੀਣ ਵਾਲੇ ਪਾਣੀ ਲਈ ਆਰ ਓ ਸਿਸਟਮ ਭੇਂਟ ਕਰਨਾ ਅਤੇ ਮੈਡੀਕਲ ਕੈਂਪ ਲਗਾਉਣਾ ਸ਼ਲਾਘਾਯੋਗ ਕੰਮ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਠਿੰਡਾ ਇਕਾਈ ਦਾ ਪ੍ਰਧਾਨ ਅਤੇ ਮਾਲਵਾ ਜ਼ੋਨ ਦੇ ਪ੍ਰਧਾਨ ਪ੍ਰੋ. ਜਸਵੰਤ ਸਿੰਘ ਬਰਾੜ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਟਰੱਸਟ ਵੱਲੋਂ 55 ਦੇ ਕਰੀਬ



ਵੱਖ-ਵੱਖ ਸਕੂਲਾਂ ਤੇ ਕਾਲਜਾਂ ਨੂੰ ਆਰ ਓ ਸਿਸਟਮ ਭੇਂਟ ਕੀਤੇ ਗਏ ਹਨ। ਟਰੱਸਟ ਵੱਲੋਂ ਜ਼ਿਲ੍ਹੇ ਵਿੱਚ 6 ਸਿਲਾਈ ਸੈਂਟਰ ਅਤੇ ਕੰਪਿਊਟਰ ਸੈਂਟਰ ਕੰਮ ਕਰ ਰਹੇ ਹਨ। ਜਿੱਥੇ ਲੋੜਵੰਦ ਬੱਚਿਆਂ ਨੂੰ ਕਿੱਤਾਮੁਖੀ ਸਿੱਖਿਆ ਬਿਲਕੁਲ ਮੁਫ਼ਤ ਦਿੱਤੀ ਜਾਂਦੀ ਹੈ। ਜ਼ਿਲ੍ਹੇ ਵਿੱਚ 8 ਲੈਬੋਰੇਟਰੀਆਂ ਕੰਮ ਕਰ ਰਹੀਆਂ ਹਨ ਜਿੱਥੇ ਮਾਰਕੀਟ ਰੇਟਾਂ ਨਾਲੋਂ 10 ਵਾਂ ਹਿੱਸਾ ਰੇਟ ਤੇ ਮੈਡੀਕਲ ਟੈਸਟ ਕੀਤੇ ਜਾਂਦੇ ਹਨ। ਇਸਤੋਂ ਇਲਾਵਾ ਟਰੱਸਟ ਵੱਲੋਂ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਵਿੱਚ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਅੰਤ ਵਿੱਚ ਪ੍ਰਿੰਸਪਲ ਜਯੋਤਸਨਾ ਅਤੇ ਵਾਈਸ ਪ੍ਰਿ. ਹਰਜਿੰਦਰ ਸਿੰਘ ਮੌੜ ਨੇ ਡਾ. ਐਸ. ਪੀ ਸਿੰਘ ਉਬਰਾਏ ਜ਼ਿਲ੍ਹਾ ਪ੍ਰਧਾਨ ਪ੍ਰੋ. ਜੇ. ਐਸ ਬਰਾੜ ਅਤੇ ਸਮੁੱਚੀ ਬਠਿੰਡਾ ਇਕਾਈ ਦਾ ਧੰਨਵਾਦ ਕੀਤਾ। ਟਰੱਸਟ ਦੀ ਬਠਿੰਡਾ ਇਕਾਈ ਵੱਲੋਂ ਡੀ. ਐਸ. ਪੀ ਗੁਰਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਦੇ ਕੈਸ਼ੀਅਰ ਬਲਦੇਵ ਸਿੰਘ ਚਹਿਲ, ਦਫ਼ਤਰ ਇੰਚਾਰਜ ਸੁਰਜੀਤ ਸਿੰਘ ਅਤੇ ਮੈਂਬਰ ਗੁਰਪਿਆਰ ਸਿੰਘ ਹਾਜ਼ਰ ਸਨ।

# 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਨਾਟਕ 'ਕਿਸਮਤ ਪੈਲੇਸ' ਨੇ ਦਰਸ਼ਕ ਕੀਲੇ

## ਸਸਪੈਂਸ ਥ੍ਰਿਲਰ ਨਾਟਕ ਨੇ ਅੰਤ ਤੱਕ ਦਰਸ਼ਕਾਂ ਨੂੰ ਆਪਣੇ ਨਾ.ਲ ਜੋੜੀ ਰੱਖਿਆ













**ਬਠਿੰਡਾ (ਅਮਰਜੀਤ ਸਿੰਘ ਜੀਤ)** ਸੱਭਿਆਚਾਰਕ ਮੰਤਰਾਲਾ ਭਾਰਤ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਅਤੇ ਮਿਊਂਸਪਲ ਕਾਰਪੋਰੇਸ਼ਨ ਬਠਿੰਡਾ ਦੇ ਸਹਿਯੋਗ ਨਾਲ ਚੱਲ ਰਹੇ 14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਨਾਟਕ 'ਕਿਸਮਤ ਪੈਲੇਸ' ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਖੇਡਿਆ ਗਿਆ। ਉੱਤਮ ਗੜਾ ਵੱਲੋਂ ਲਿਖੇ ਇਸ ਨਾਟਕ ਨੂੰ ਏਕਲੱਵਯਾ ਥੀਏਟਰ ਗਰੁੱਪ ਦੇਹਰਾਦੂਨ ਦੀ ਟੀਮ ਨੇ ਅਖੀਲੇਸ਼ ਨਾਰਾਇਣ ਦੇ ਨਿਰਦੇਸ਼ਨ ਹੇਠ ਪੇਸ਼ ਕੀਤਾ। ਸਸਪੈਂਸ ਤੇ ਥ੍ਰਿਲ ਨਾਲ ਲਬਰੇਜ਼ ਇਸ ਨਾਟਕ ਨੇ ਦਰਸ਼ਕਾਂ ਨੂੰ ਅੰਤ ਤੱਕ ਬੰਨ੍ਹੀ ਰੱਖਿਆ। ਨਾਟਕ ਦੀ ਕਹਾਣੀ ਪਰਿਵਾਰ ਤੇ ਰਿਸ਼ਤਿਆਂ ਵਿੱਚ ਲਾਲਚੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਪਾਤਰਾਂ ਦੇ ਕੁਦਰਤੀ ਅਭਿਨੈ ਨੇ ਹਾਲ ਵਿੱਚ ਬੈਠੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ।

14ਵੇਂ ਨਾਟਿਅਮ ਨੈਸ਼ਨਲ ਥੀਏਟਰ ਫੈਸਟੀਵਲ ਦੇ ਚੌਥੇ ਦਿਨ ਸਤਿਕਾਰਿਤ ਮਹਿਮਾਨਾਂ ਵਜੋਂ ਉੱਘੀ ਪਾਲੀਵੁੱਡ ਅਦਾਕਾਰਾ ਪਵਨ ਜੌਹਲ ਅਤੇ ਪੈਰਿਸ ਸਿਟੀ ਬਠਿੰਡਾ ਤੋਂ ਸ਼੍ਰੀ ਅਰਪਿਤ ਗੋਇਲ ਤੇ ਸ਼੍ਰੀ ਅਰਚਿਤ ਗੋਇਲ ਨੇ ਸ਼ਿਰਕਤ ਕੀਤੀ।

ਨਾਟਿਅਮ ਦੇ ਸਰਪ੍ਰਸਤ ਡਾ.ਕਸ਼ਿਸ਼ ਗੁਪਤਾ ਅਤੇ ਡਾ. ਪੂਜਾ ਗੁਪਤਾ ਸਾਂਝੇ ਤੌਰ 'ਤੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤੇ। ਇਸ ਮੌਕੇ ਬੋਲਦਿਆਂ ਅਦਾਕਾਰਾ ਪਵਨ ਜੌਹਲ ਨੇ ਕਿਹਾ ਕਿ ਉਹ ਵੀ ਨਾਟਿਅਮ ਪੰਜਾਬ ਦੇ ਮੰਚ ਤੋਂ ਪਾਲੀਵੁੱਡ ਤੱਕ ਪਹੁੰਚੀ ਹੈ, ਜਿਸ ਲਈ ਉਨ੍ਹਾਂ ਨਾਟਿਅਮ ਡਾਇਰੈਕਟਰ ਕੀਰਤੀ ਕਿਰਪਾਲ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਥੀਏਟਰ ਹੀ ਐਕਟਿੰਗ ਦੀ ਬੁਨਿਆਦ ਤੇ ਨਰਸਰੀ ਹੈ ਜਿੱਥੋਂ ਵੱਡੇ-ਵੱਡੇ ਕਲਾਕਾਰ ਪੈਦਾ ਹੁੰਦੇ ਹਨ। ਸ਼੍ਰੀ ਅਰਪਿਤ ਗੋਇਲ ਨੇ ਸਭਨਾਂ ਨੂੰ ਇੱਕਠੇ ਹੋ ਕੇ ਵਿੱਤੀ ਮਦਦ ਰਾਹੀਂ ਥੀਏਟਰ ਨੂੰ ਬਚਾਉਣ ਦੀ ਅਪੀਲ ਕੀਤੀ ਅਤੇ ਨਾਟਿਅਮ ਪੰਜਾਬ ਦੇ ਇਸ ਪੰਦਰਾਂ-ਦਿਨਾਂ ਨਾਟ-ਉਤਸਵ ਦੇ ਉਪਰਾਲੇ ਦੀ ਸ਼ਲਾਘਾ ਵੀ ਕੀਤੀ।

ਅੰਤ ਵਿੱਚ ਨਾਟਿਅਮ ਡਾਇਰੈਕਟਰ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਕੀਰਤੀ ਕਿਰਪਾਲ ਨੇ ਸਮੂਹ ਮਹਿਮਾਨਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ 15 ਦਿਨਾਂ ਨਾਟ-ਉਤਸਵ ਜੋ ਕਿ 26 ਸਤੰਬਰ ਤੋਂ 10 ਅਕਤੂਬਰ ਤੱਕ ਚੱਲਣਾ ਹੈ,ਹਰ ਰੋਜ਼ ਸ਼ਾਮ 7:00 ਵਜੇ ਤੋਂ ਸ਼ੁਰੂ ਹੋਇਆ ਕਰੇਗਾ ।ਜਿਸ ਵਿੱਚ 7:00 ਤੋਂ 7:40 ਤੱਕ ਓਪਨ ਮਾਈਕ ਅਤੇ ਇਸ ਤੋਂ ਬਾਅਦ 7:40 'ਤੇ ਨਾਟਕ ਸ਼ੁਰੂ ਹੋਵੇਗਾ। ਇਸ ਥੀਏਟਰ ਫੈਸਟੀਵਲ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਆਈਆਂ ਨਾਟ-ਮੰਡਲੀਆਂ 15 ਨਾਟਕ ਪੇਸ਼ ਕਰਨਗੀਆਂ ਅਤੇ ਹਰ ਨਾਟਕ ਦਾ ਰੰਗ ਵੇਖਣਯੋਗ ਹੋਵੇਗਾ। ਮੰਚ ਸੰਚਾਲਕ ਦੀ ਭੂਮਿਕਾ ਡਾ. ਸੰਦੀਪ ਸਿੰਘ ਮੋਹਲਾਂ ਅਤੇ ਸ਼੍ਰੀ ਗੁਰਮੀਤ ਧੀਮਾਨ ਨੇ ਸਾਂਝੇ ਰੂਪ 'ਚ ਨਿਭਾਈ ਨੇ। ਇਸ ਦੌਰਾਨ ਐਮ.ਆਰ.ਐਸ.ਪੀ.ਟੀ.ਯੂ ਦੇ ਰਜਿਸਟਰਾਰ ਸ. ਗੁਰਿੰਦਰਪਾਲ ਸਿੰਘ ਬਰਾੜ, ਹਿਊਮਨ ਰਾਈਟਸ ਐਕਟੀਵਿਸਟ ਡਾ. ਵਿਤੁਲ ਗੁਪਤਾ, ਸ਼ਹਿਰ ਦੇ ਨਾਮੀ ਕੋਲੋਨਾਈਜ਼ਰਜ਼, ਸਿਲਵਰ ਓਕਸ ਸਕੂਲ ਦੇ ਡਾਇਰੈਕਟਰ ਮਾਲਵਿੰਦਰ ਕੌਰ, ਨਾਟਿਅਮ ਦੇ ਪ੍ਰਧਾਨ ਰਿੰਪੀ ਕਾਲੜਾ, ਈਵੈਂਟ ਕੋਆਰਡੀਨੇਟਰ ਗੁਰਨੂਰ ਸਿੰਘ,ਆਰ. ਪੀ. ਸੀ. ਕਾਲਜ ਬਠਿੰਡਾ ਦੇ ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਡਾ. ਜਸਪਾਲ ਰੋਮਾਣਾ,ਸਮੂਹ ਅਦਾਕਾਰ ਨਾਟਿਅਮ ਗਰੁੱਪ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਹਸਤੀਆਂ ਵਿੱਚੋਂ ਜਸਪਾਲ ਮਾਨਖੇੜਾ, ਸੁਰਿੰਦਰਪ੍ਰੀਤ ਘਣੀਆ, ਲੱਛਮਣ ਮਲੂਕਾ,ਮਲਕੀਤ ਸਿੰਘ ਮਛਾਣਾ ਅਤੇ ਹਰਦੀਪ ਤੱਗੜ ਮੌਜੂਦ ਸਨ।

# ਘੋੜੇ ਦੇ ਵਾਲ ਕਰਾਮਾਤੀ ਕਹਿ ਕੇ ਵੇਚਣ ਵਾਲੇ ਤਰਕਸ਼ੀਲਾਂ ਨੂੰ ਦੇਖ ਕੇ ਭੱਜੇ - ਮਾਸਟਰ ਪਰਮਵੇਦ

## ਲਾਈਲੱਗਤਾ ਤੇ ਅੰਧਵਿਸ਼ਵਾਸ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆਵੋ : ਤਰਕਸ਼ੀਲ

ਸਾਡੇ ਬਹੁਤੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ,ਉਹ ਅੰਧਵਿਸ਼ਵਾਸੀ,ਵਹਿਮੀ ਤੇ ਲਾਈਲੱਗ ਹੋਣ ਕਰਕੇ ਚਲਾਕ ਲੋਕਾਂ ਦੀ ਭਰਮਾਊ ਗੱਲਾਂ ਵਿੱਚ ਬਿਨਾਂ ਸੋਚੇ ਵਿਚਾਰੇ ਇੱਕ ਦਮ ਆ ਕੇ ਲੁੱਟ ਦਾ ਸ਼ਿਕਾਰ ਹੋ ਜਾਂਦੇ ਹਨ। ਪਿਛਲੇ ਕੁੱਝ ਸਾਲ ਪਹਿਲਾਂ ਦੀ ਗਲ ਹੈ, ਅਸੀਂ ਤਰਕਸ਼ੀਲ ਸੁਸਾਇਟੀ ਵੱਲੋਂ ਇਕ ਮੇਲੇ ਵਿੱਚ ਤਰਕਸ਼ੀਲਾਂ ਤੇ ਵਿਗਿਆਨਕਾਂ ਵਿਚਾਰਾਂ ਵਾਲੇ ਸਾਹਿਤ ਦੀ ਸਟਾਲ ਲਾਈ ਹੋਈ ਸੀ।ਮੇਰਾ ਇੱਕ ਜਾਣਕਾਰ ਆ ਕੇ ਕਹਿੰਦਾ ,"ਮੇਲੇ ਵਿੱਚ ਇੱਕ ਘੋੜੇ ਵਾਲਾ ਆਪਣੇ ਸਾਥੀਆਂ ਨਾਲ ਰਲ ਕੇ ਕਰਾਮਾਤੀ ਕਹਿ ਕੇ ਘੋੜੇ ਦੇ ਵਾਲ ਵੇਚ ਰਿਹਾ ਹੈ। " ਸਾਡੇ ਉੱਥੇ ਜਾਣ ਤੇ ਘੋੜੇ ਦਾ ਮਾਲਕ ਖੜ੍ਹਾ ਰਿਹਾ ਤੇ ਬਾਕੀ ਉਸ ਦੇ ਨਾਲ ਦੇ ਭੀੜ ਵਿੱਚ ਜਾ ਵੜੇ, ਅਸੀਂ ਘੋੜੇ ਦੇ ਮਾਲਕ ਨੂੰ ਕਿਹਾ, " ਇਹ ਕੀ ਕਰ ਰਿਹਾ ਹੈਂ, ਲੋਕਾਂ ਨਾਲ ਠੱਗੀ ਮਾਰ ਰਿਹਾ ਹੈਂ, ਅੰਧਵਿਸ਼ਵਾਸ ਤੇ ਵਹਿਮ ਫੈਲਾਅ ਰਿਹਾ ਹੈਂ।" ਘੋੜੇ ਦਾ ਮਾਲਕ ਕਹਿੰਦਾ, "ਕੁੱਝ ਮੁੰਡੇ ਮੇਰੇ ਕੋਲ ਆ ਕੇ ਕਹਿੰਦੇ,"ਅਸੀਂ ਤੇਰੇ ਘੋੜੇ ਦੇ ਵਾਲ ਲੈਣੇ ਹਨ। "ਮੈ ਕਿਹਾ '"ਜਿੰਨੇ ਮਰਜ਼ੀ ਲੈ ਲਵੋ । "

ਉਨ੍ਹਾਂ ਅੱਗੇ ਕਿਹਾ ,'" ਅਸੀਂ ਤੇਰੇ ਘੋੜੇ ਦੇ ਵਾਲ ਵੇਚਣੇ ਹਨ ,ਇਹ ਕਹਿ ਕੇ ਵੇਚਣੇ ਹਨ ਕਿ ਇਹ ਬਹੁਤ ਕਰਾਮਾਤੀ , ਚਮਤਕਾਰੀ ਹਨ।"

ਘੋੜੇ ਦਾ ਮਾਲਕ ਕਹਿੰਦਾ, ਉਨ੍ਹਾਂ ਲੜਕਿਆਂ ਨੇ ਮੈਨੂੰ ਕਿਹਾ ਕਿ ਉਹ ਮੈਨੂੰ ਪ੍ਰਤੀ ਵਾਲ 10 ਰੁਪਏ ਦੇਣਗੇ ਤੇ ਬਾਕੀ ਪੈਸੇ ਉਹ ਰੱਖਣਗੇ। ਵੱਧ ਵਿਕਣ ਤੇ ਵੀਹ ਰੁਪਏ ਪ੍ਰਤੀ ਵਾਲ ।" ਉਨ੍ਹਾਂ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ।ਲੋਕਾਂ ਸਾਹਮਣੇ ਵਾਲ ਆਪਣੀ ਜੇਬਾਂ ਵਿੱਚ ਵਾਲ ਪਾਉਣੇ ਸ਼ੁਰੂ ਕਰ ਦਿੱਤੇ।ਲੋਕ ਆ ਕੇ ਪੁੱਛਣ ,"ਇਹ ਵਾਲ ਕਿਸ ਕੰਮ ਆਉਂਦੇ ਹਨ ।"

ਉਹ ਕਹਿੰਦੇ ,"ਇਹ ਵਾਲ ਬਹੁਤ ਕਰਾਮਾਤੀ, ਚਮਤਕਾਰੀ ਹਨ।ਘਰ ਵਿੱਚ ਧੂਪ ਵਾਲੇ ਆਲੇ ਵਿੱਚ ਕੱਚ ਦੀ ਡੱਬੀ ਵਿੱਚ ਪਾ ਕੇ ਰੱਖਣ ਨਾਲ ਬਹੁਤ ਵਾਧਾ ਹੁੰਦਾ ਹੈ। ਆਮਦਨੀ ਵਧਦੀ ਹੈ, ਪੈਸੇ ਦਾ ਘਾਟਾ ਨਹੀਂ ਰਹਿੰਦਾ, ਬੀਮਾਰੀਆਂ ਦੂਰ ਭੱਜਦੀਆਂ ਹਨ,ਘਰ ਵਿੱਚ ਖੁਸ਼ਹਾਲੀ ਆਉਂਦੀ ਹੈ।" ਅੱਗੇ ਤੋਂ ਅੱਗੇ ਪ੍ਰਚਾਰ ਵੱਧਦਾ ਗਿਆ ।ਥੋੜੇ ਸਮੇਂ ਵਿੱਚ ਲੋਕਾਂ ਦੀ ਭੀੜ ਲਗ ਗਈ।ਇੱਕ ਦੂਜੇ ਦੇ ਉਤੋਂ ਦੀ ਹੋ ਕੇ ਲੈਣ ਲੱਗ ਪਏ। ਮੈਨੂੰ ਬੜੀ ਹੈਰਾਨੀ ਹੋਈ। ਪਹਿਲਾਂ ਉਨ੍ਹਾਂ ਪੰਜਾਹ ਰੁਪਏ ਕੀਮਤ ਰੱਖੀ,ਫੇਰ 100 ਰੁਪਏ। ਫਿਰ ਉਨ੍ਹਾਂ ਪੂੱਛ ਤੇ ਗਰਦਨ ਦੇ ਵਾਲਾਂ ਦੀ ਕੀਮਤ ਵੱਖਰੀ ਵੱਖਰੀ ਕਰ ਦਿੱਤੀ। 100 ਰੁਪਏ ਤੇ 200/- ਰੁਪਏ। ਫਿਰ ਤੁਸੀਂ ਆ ਗਏ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਤਰਕਸ਼ੀਲ ਸੁਸਾਇਟੀ ਵਾਲੇ ਆ ਗਏ ਹਨ,ਉਹ ਤੁਹਾਨੂੰ ਦੇਖ ਭੀੜ ਵਿੱਚ ਜਾ ਵੜੇ।ਮੇਰਾ ਕੋਈ ਕਸੂਰ ਨਹੀਂ। ਅਸੀਂ ਤਰਕਸ਼ੀਲ ਸੁਸਾਇਟੀ ਵੱਲੋਂ ਸਟੇਜ ਲਾ ਕੇ ਲੋਕਾਂ ਨੂੰ ਇਸ ਬਾਰੇ ਬਹੁਤ ਕੁੱਝ ਸਮਝਾਇਆ। ਲੋਕਾਂ ਨੂੰ ਲਾਈਲੱਗਤਾ ਤਿਆਗ ਕੇ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ ਲਈ ਪ੍ਰੇਰਿਆ । ਵਿਗਿਆਨਕ ਸੋਚ ਅਪਣਾਉਣ ਦਾ ਸੱਦਾ ਦਿੱਤਾ। ਘੋੜੇ ਦੇ ਮਾਲਕ ਨੂੰ ਸਟੇਜ ਤੇ ਲਿਆ ਕੇ ਉਸ ਦੇ ਮੂੰਹੋਂ ਲੜਕਿਆਂ ਦੀ ਸਾਰੀ ਕਾਰਸਤਾਨੀ / ਲੁੱਟ ਦੀ ਵਿਆਖਿਆ ਕਰਵਾਈ। ਅਸੀਂ ਕਿਹਾ ਕਿ ਇਸ ਘਟਨਾ ਤੋਂ ਸਬਕ ਲੈਣ ਦੀ ਲੋੜ ਹੈ। ਕਿਸੇ ਚੀਜ਼ ਵਿੱਚ ਗੈਬੀ ਸ਼ਕਤੀ ਨਹੀਂ।

ਲੋਕਾਂ ਵਿੱਚ ਅਗਿਆਨਤਾ ਹੈ, ਸਮੱਸਿਆਵਾਂ ਹਨ।ਇਸ ਲਈ ਉਹ ਡਰ ,ਫਿਕਰਾਂ,ਝੂਠੀਆਂ ਆਸਾਂ ਉਮੀਦਾਂ ਤੇ ਮਾਨਸਿਕ ਤਣਾਅ ਦੇ ਮਹੌਲ ਵਿੱਚ ਰਹਿੰਦੇ ਹਨ। ਅਗਿਆਨਤਾ , ਸਮੱਸਿਆਵਾਂ ਤੇ ਡਰ ਵਿੱਚੋ ਲਾਈਲੱਗਤਾ ਤੇ ਅੰਧਵਿਸ਼ਵਾਸ ਉਪਜਦੇ ਹਨ। ਅਖੌਤੀ ਸਿਆਣੇ ਲੋਕਾਂ ਦੀ ਅਗਿਆਨਤਾ ਤੇ ਲਾਈਲੱਗਤਾ ਦਾ ਫਾਇਦਾ ਉਠਾ ਕੇ ਉਨ੍ਹਾ ਨੂੰ ਅੰਧਵਿਸ਼ਵਾਸਾਂ, ਕਰਾਮਾਤਾਂ , ਚਮਤਕਾਰਾਂ ਦੇ ਵਹਿਮਾਂ ਭਰਮਾਂ ਦੇ ਭਰਮ ਜਾਲ ਵਿੱਚ ਪਾ ਕੇ ਉਨ੍ਹਾਂ ਦੀ ਆਰਥਿਕ, ਮਾਨਸਿਕ ਤੇ ਸਰੀਰਕ ਲੁੱਟ ਕਰਦੇ ਹਨ। ਤਰਕਸ਼ੀਲਾਂ ਦਾ ਸੁਨੇਹਾ ਹੈ ਕਿ ਲੋਕ ਅਪਣਾ ਸੋਚਣ ਢੰਗ ਵਿਗਿਆਨਕ ਬਣਾਉਣ, ਕਿਸੇ ਵਿਅਕਤੀ , ਚੀਜ਼, ਜਾਨਦਾਰ, ਬੇਜਾਨਦਾਰ ਕੋਲ ਕੋਈ ਗੈਬੀ ਸ਼ਕਤੀ ਨਹੀਂ ,ਜਿਸ ਨਾਲ ਕਿਸੇ ਦਾ ਕੁੱਝ ਸੰਵਾਰਿਆ ਜਾ ਸਕੇ।ਇੱਥੇ ਘਟਨਾਵਾਂ ਵਾਪਰਦੀਆਂ ਹਨ, ਕੁਦਰਤੀ ਤੇ ਸਮਾਜਿਕ। ਇਨ੍ਹਾਂ ਘਟਨਾਵਾਂ ਦਾ ਕਾਰਨ ਜਾਨਣਾ ਹੀ ਤਰਕਸ਼ੀਲਤਾ ਹੈ, ਵਿਗਿਆਨਕ ਸੋਚ ਹੈ।ਇਸ ਲਈ ਸਾਨੂੰ ਕੀ, ਕਿਉਂ,ਕਿਵੇਂ,ਕਿੱਥੇ, ਕਦੋਂ ਆਦਿ ਵਿਗਿਆਨਕ ਨੁਕਤਿਆਂ ਨੂੰ ਅਪਨਾਉਣਾ ਚਾਹੀਦਾ ਹੈ ਤਾਂ ਜੋ ਅਸੀਂ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਸਚਾਈ ਜਾਣ ਸਕੀਏ। ਅਸੀਂ ਲੋਕਾਂ ਨੂੰ ਲਾਈਲੱਗਤਾ ਤੇ ਅੰਧਵਿਸ਼ਵਾਸ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਚਾਨਣ ਵਿੱਚ ਆਉਣ ਦਾ ਸੱਦਾ ਦੇ ਕੇ ਆ ਗਏ।



**ਮਾਸਟਰ ਪਰਮਵੇਦ**
**ਤਰਕਸ਼ੀਲ ਆਗੂ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਤਿਉਹਾਰਾਂ ਦਾ ਮੌਸਮ ਅਤੇ ਮਿਲਾਵਟਖੋਰੀ ਦਾ ਧੜਾ-ਧੜ ਖੇਡ ਪ੍ਰਸ਼ਾਸਨ ਅਤੇ ਸਰਕਾਰ ਦੀ ਲਾਪਰਵਾਹੀ

## ਸਰਕਾਰ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਤੋਂ ਪਹਿਲਾਂ ਖ਼ਾਸ ਚੈਕਿੰਗ ਮੁਹਿੰਮਾਂ ਚਲਾਏ। ਸਕੂਲਾਂ ਅਤੇ ਕਾਲਜਾਂ ਵਿੱਚ ਖ਼ੁਰਾਕ ਸੁਰੱਖਿਆ ਬਾਰੇ ਸਿੱਖਿਆ ਦਿੱਤੀ ਜਾਵੇ।

**ਗੁਰਭਿੰਦਰ ਗੁਰੀ**

ਭਾਰਤ ਵਰਗੇ ਦੇਸ਼ ਵਿੱਚ ਤਿਉਹਾਰ ਸਿਰਫ਼ ਧਾਰਮਿਕ ਰਸਮਾਂ ਹੀ ਨਹੀਂ ਹੁੰਦੇ, ਸਗੋਂ ਉਹ ਲੋਕਾਂ ਦੀਆਂ ਖੁਸ਼ੀਆਂ ਅਤੇ ਮਿਲਾਪ ਦੇ ਪ੍ਰਤੀਕ ਵੀ ਹੁੰਦੇ ਹਨ। ਚਾਹੇ ਦੀਵਾਲੀ ਹੋਵੇ, ਹੋਲੀ, ਰੱਖੜੀ, ਬੈਸਾਖੀ ਜਾਂ ਕਿਸੇ ਵੀ ਧਰਮ ਦਾ ਵਿਸ਼ੇਸ਼ ਦਿਹਾੜਾ - ਹਰ ਤਿਉਹਾਰ ਬਜ਼ਾਰਾਂ ਵਿੱਚ ਰੌਣਕ ਲਿਆਉਂਦਾ ਹੈ।

ਗਲੀਆਂ ਵਿੱਚ ਬੱਤੀਆਂ ਦੀ ਚਮਕ, ਦੁਕਾਨਾਂ ਵਿੱਚ ਰੰਗ-ਬਿਰੰਗੀ ਪੈਕਿੰਗ ਵਾਲੀਆਂ ਮਿੱਠਾਈਆਂ, ਘਰਾਂ ਵਿੱਚ ਬਣੇ ਖਾਣੇ-ਪੀਣੇ ਦੇ ਵਿਸ਼ੇਸ਼ ਪਕਵਾਨ — ਸਭ ਕੁਝ ਤਿਉਹਾਰਾਂ ਦੇ ਮੌਸਮ ਨੂੰ ਵਿਲੱਖਣ ਬਣਾਉਂਦਾ ਹੈ।

ਪਰ ਇਸ ਚਮਕ-ਦਮਕ ਦੇ ਪਿੱਛੇ ਇੱਕ ਅਜਿਹਾ ਕਰਵਾ ਸੱਚ ਲੁਕਿਆ ਹੋਇਆ ਹੈ ਜੋ ਲੋਕਾਂ ਦੀ ਸਿਹਤ ਨੂੰ ਚੁਪ-ਚਾਪ ਖਾ ਰਿਹਾ ਹੈ। ਇਹ ਸੱਚ ਹੈ — ਮਿਲਾਵਟਖੋਰੀ।

ਜਦੋਂ ਮੰਗ ਵਧਦੀ ਹੈ ਤਾਂ ਸਪਲਾਈ ਕਰਨ ਵਾਲਿਆਂ ਨੂੰ “ਧੜਾ-ਧੜ” ਉਤਪਾਦ ਬਨਾਣਾ ਪੈਂਦਾ ਹੈ। ਇਸ ਦੌੜ-ਭੱਜ ਵਿੱਚ ਅਕਸਰ ਗੁਣਵੱਤਾ ਦੀ ਕੁਰਬਾਨੀ ਹੋ ਜਾਂਦੀ ਹੈ। ਜਿੱਥੇ ਕੁਝ ਲੋਕ ਸਾਫ਼-ਸੁਥਰਾ ਤੇ ਮਿਆਰੀ ਸਮਾਨ ਬਣਾਉਂਦੇ ਹਨ, ਉੱਥੇ ਕਈ ਨਕਲੀਵਾਰੇ ਸਸਤੇ ਤੇ ਖ਼ਰਾਬ ਸਮਾਨ ਨਾਲ ਖੇਡਣ ਲੱਗਦੇ ਹਨ।

### ਮਿੱਠਾਈਆਂ ਵਿੱਚ ਮਿਲਾਵਟ

ਤਿਉਹਾਰਾਂ ਦੇ ਨਾਮ ਨਾਲ ਸਭ ਤੋਂ ਪਹਿਲਾਂ ਜਿਹੜੀ ਚੀਜ਼ ਲੋਕਾਂ ਦੇ ਮਨ ਵਿੱਚ ਆਉਂਦੀ ਹੈ, ਉਹ ਹੈ — ਮਿੱਠਾਈ। ਪਰ ਅਫ਼ਸੋਸ, ਜਿਹੜੀਆਂ ਮਿੱਠਾਈਆਂ ਪਿਆਰ ਅਤੇ ਖੁਸ਼ੀ ਵੰਡਣ ਲਈ ਬਣਦੀਆਂ ਹਨ, ਉਹ ਕਈ ਵਾਰ ਬਿਮਾਰੀਆਂ ਦਾ ਕਾਰਣ ਬਣ ਜਾਂਦੀਆਂ ਹਨ।

### ਖੋਆ ਅਤੇ ਦੁੱਧ ਦੀ ਮਿਲਾਵਟ

ਖੋਆ (ਮਾਵਾ) ਮਿੱਠਾਈਆਂ ਦਾ ਮੁੱਖ ਅੰਗ ਹੁੰਦਾ ਹੈ। ਮੰਗ ਵਧਣ ’ਤੇ ਅਸਲੀ ਖੋਆ ਘੱਟ ਪੈਂਦਾ ਹੈ। ਇਸ ਲਈ ਕਈ ਨਕਲੀਵਾਰੇ ਸਿੰਥੇਟਿਕ ਦੁੱਧ, ਸਟਾਰਚ, ਸਾਬਣੀ ਤੇਲ ਅਤੇ ਸਸਤੇ ਕੇਮਿਕਲ ਮਿਲਾ ਕੇ ਖੋਆ ਤਿਆਰ ਕਰਦੇ ਹਨ।

ਇਹ ਖੋਆ ਬਾਹਰੋਂ ਤਾਂ ਅਸਲੀ ਵਰਗਾ ਹੀ ਲੱਗਦਾ ਹੈ, ਪਰ ਸਰੀਰ ਲਈ ਖ਼ਤਰਨਾਕ ਹੁੰਦਾ ਹੈ।

### ਰੰਗ ਅਤੇ ਸੁਗੰਧ

ਲੱਡੂਆਂ ਅਤੇ ਜਲੇਬੀਆਂ ਵਿੱਚ ਵਰਤੇ ਜਾਣ ਵਾਲੇ ਚਟਖਾਰੇਦਾਰ ਰੰਗ ਅਕਸਰ ਨਕਲੀ ਕੇਮਿਕਲ ਹੁੰਦੇ ਹਨ।

ਕਈ ਵਾਰ ਤਾਂ ਕਪੜੇ ਰੰਗਣ ਵਾਲੇ ਰੰਗ ਵੀ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਪਾ ਦਿੱਤੇ ਜਾਂਦੇ ਹਨ।

ਇਹ ਰੰਗ ਪੇਟ ਦੀਆਂ ਬਿਮਾਰੀਆਂ ਤੋਂ ਲੈ ਕੇ ਲੰਬੇ ਸਮੇਂ ਵਿੱਚ ਕੈਂਸਰ ਤੱਕ ਦੇ ਕਾਰਣ ਬਣ ਸਕਦੇ ਹਨ।

### ਚੀਨੀ ਦਾ ਧੋਖਾ

ਮਿਲਾਵਟਖੋਰੀ ਸਿਰਫ਼ ਖੋਏ ਅਤੇ ਰੰਗਾਂ ਤੱਕ ਹੀ ਸੀਮਿਤ ਨਹੀਂ।

ਕਈ ਵਾਰ ਸਸਤੀ ਗਲੂਕੋਜ਼ ਸਿਰਪ ਜਾਂ ਸੈਕਰਿਨ ਚੀਨੀ ਦੀ ਥਾਂ ਵਰਤੀ ਜਾਂਦੀ ਹੈ।

ਇਹਨਾਂ ਨਾਲ ਮਿੱਠਾਈਆਂ ਦੀ ਸ਼ਕਲ-ਸੂਰਤ ਬਿਹਤਰ ਦਿਖਾਈ ਦਿੰਦੀ ਹੈ, ਪਰ ਅਸਰ ਸਰੀਰ ਲਈ ਜ਼ਹਿਰੀਲਾ ਹੁੰਦਾ ਹੈ।

ਪਨੀਰ ਅਤੇ ਦੁੱਧ ਉਤਪਾਦਾਂ ਦੀ ਸੱਚਾਈ

ਤਿਉਹਾਰਾਂ ਵਿੱਚ ਸਿਰਫ਼ ਮਿੱਠਾਈਆਂ ਹੀ ਨਹੀਂ, ਪਨੀਰ ਅਤੇ ਹੋਰ ਦੁੱਧ ਉਤਪਾਦਾਂ ਦੀ ਮੰਗ ਵੀ “ਧੜਾ-ਧੜ” ਵਧਦੀ ਹੈ।

ਅਸਲੀ ਦੁੱਧ ਘੱਟ ਪੈਣ ’ਤੇ ਪਾਉਡਰ ਦੁੱਧ, ਸਟਾਰਚ, ਅਤੇ ਇੱਥੋਂ ਤੱਕ ਕਿ ਸਾਬਣੀ ਤੇਲ ਵਰਤ ਕੇ ਨਕਲੀ ਪਨੀਰ ਬਣਾਇਆ ਜਾਂਦਾ ਹੈ।



ਕੁਝ ਥਾਵਾਂ ’ਤੇ ਤਾਂ ਯੂਰੀਆ ਅਤੇ ਫਾਰਮਾਲਿਨ ਵਰਗੇ ਖ਼ਤਰਨਾਕ ਪਦਾਰਥ ਵੀ ਮਿਲਾਏ ਜਾਂਦੇ ਹਨ ਤਾਂ ਜੋ ਪਨੀਰ ਲੰਮਾ ਚੱਲੇ ਅਤੇ ਚਿੱਟਾ-ਚਮਕਦਾਰ ਲੱਗੇ।

ਇਹ ਸਭ ਸੁਣਨ ਵਿੱਚ ਹੀ ਡਰਾਉਣਾ ਲੱਗਦਾ ਹੈ, ਪਰ ਅਸਲੀਅਤ ਇਹ ਹੈ ਕਿ ਇਹਨਾਂ ਚੀਜ਼ਾਂ ਨਾਲ ਲੋਕਾਂ ਦੀ ਸਿਹਤ ਨਾਲ ਸਿੱਧਾ ਖੇਡਿਆ ਜਾ ਰਿਹਾ ਹੈ।

ਪ੍ਰਸ਼ਾਸਨ ਅਤੇ ਸਰਕਾਰ ਦੀ ਲਾਪਰਵਾਹੀ

ਇਹ ਗੱਲ ਸਭ ਨੂੰ ਪਤਾ ਹੈ ਕਿ ਤਿਉਹਾਰਾਂ ਦੇ ਸਮੇਂ ਮਿਲਾਵਟਖੋਰੀ ਵੱਧ ਜਾਂਦੀ ਹੈ। ਪਰ ਅਫ਼ਸੋਸ, ਜਿਹੜੇ ਦਿਨਾਂ ਸਭ ਤੋਂ ਵੱਧ ਚੌਕਸੀ ਲੋੜੀਂਦੀ ਹੈ, ਓਥੇ ਹੀ ਸਰਕਾਰ ਅਤੇ ਪ੍ਰਸ਼ਾਸਨ ਧੀਮੇ ਪੈ ਜਾਂਦੇ ਹਨ।

ਕਾਗ਼ਜ਼ਾਂ ਵਿੱਚ ਤਾਂ ਛਾਪੇਮਾਰੀ ਦੀਆਂ ਖ਼ਬਰਾਂ ਆਉਂਦੀਆਂ ਹਨ, ਪਰ ਅਸਲ ਵਿੱਚ ਕਾਰਵਾਈਆਂ ਬਹੁਤ ਘੱਟ ਹੁੰਦੀਆਂ ਹਨ।

ਕਈ ਵਾਰ ਤਾਂ ਭ੍ਰਿਸ਼ਟਾਚਾਰ ਦੇ ਕਾਰਨ ਅਧਿਕਾਰੀ ਨਕਲੀਵਾਰਿਆਂ ਨਾਲ ਸਾਂਝ ਪਾ ਲੈਂਦੇ ਹਨ।

ਨਤੀਜਾ ਇਹ ਹੁੰਦਾ ਹੈ ਕਿ ਮਿਲਾਵਟਖੋਰੀ ਦਾ “ਧੜਾ-ਧੜ” ਖੇਡ ਬਿਨਾਂ ਰੁਕਾਵਟ ਦੇ ਚੱਲਦਾ ਰਹਿੰਦਾ ਹੈ।

### ਸਿਹਤ ਉੱਤੇ ਅਸਰ

ਮਿਲਾਵਟਖੋਰੀ ਸਿਰਫ਼ ਧੋਖਾ ਹੀ ਨਹੀਂ, ਸਗੋਂ ਸਿਹਤ ਲਈ ਮੌਤ ਦਾ ਸੱਦਾ ਵੀ ਹੈ।

ਫੂਡ ਪਾਇਜ਼ਨਿੰਗ

ਪੇਟ ਦੀਆਂ ਬਿਮਾਰੀਆਂ

ਗੁਰਦਿਆਂ ਅਤੇ ਜਿਗਰ ’ਤੇ ਨੁਕਸਾਨ

ਰਕਤ ਦਾ ਦਬਾਅ ਵਧਣਾ

ਲੰਬੇ ਸਮੇਂ ਵਿੱਚ ਕੈਂਸਰ

ਇਹ ਸਭ ਬਿਮਾਰੀਆਂ ਉਹਨਾਂ ਲੋਕਾਂ ਦੇ ਹਿੱਸੇ ਆ ਜਾਂਦੀਆਂ ਹਨ ਜੋ ਸਿਰਫ਼ ਤਿਉਹਾਰਾਂ ਦੀਆਂ ਖੁਸ਼ੀਆਂ ਮਨਾਉਣ ਲਈ ਮਿੱਠਾਈਆਂ ਤੇ ਪਨੀਰ ਖਰੀਦਦੇ ਹਨ।

ਲੋਕਾਂ ਦੀ ਭੂਮਿਕਾ

ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ, ਪਰ ਲੋਕਾਂ ਦੀ ਆਪਣੀ ਵੀ ਜ਼ਿੰਮੇਵਾਰੀ ਹੁੰਦੀ ਹੈ।

1. ਸਿਰਫ਼ ਭਰੋਸੇਯੋਗ ਦੁਕਾਨਾਂ ਤੋਂ ਖਰੀਦਦਾਰੀ ਕਰੋ।
2. ਬਹੁਤ ਚਮਕਦਾਰ ਰੰਗ ਵਾਲੀਆਂ ਮਿੱਠਾਈਆਂ ਤੋਂ ਬਚੋ।
3. ਘਰੇਲੂ ਮਿੱਠਾਈਆਂ ਅਤੇ ਪਕਵਾਨਾਂ ਨੂੰ ਤਰਜੀਹ ਦਿਓ।
4. ਸਸਤੇ ਸੁਆਦ ਦੇ ਚੱਕਰ ਵਿੱਚ ਸਿਹਤ ਨਾਲ ਖੇਡ ਨਾ ਕਰੋ।

### ਹੱਲ ਅਤੇ ਸਿਫ਼ਾਰਸ਼ਾਂ

ਸਰਕਾਰ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਤੋਂ ਪਹਿਲਾਂ ਖ਼ਾਸ ਚੈਕਿੰਗ ਮੁਹਿੰਮਾਂ ਚਲਾਏ।

ਮਿਲਾਵਟਖੋਰੀ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ।

ਮੀਡੀਆ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।

ਸਕੂਲਾਂ ਅਤੇ ਕਾਲਜਾਂ ਵਿੱਚ ਖ਼ੁਰਾਕ ਸੁਰੱਖਿਆ ਬਾਰੇ ਸਿੱਖਿਆ ਦਿੱਤੀ ਜਾਵੇ।

ਤਿਉਹਾਰਾਂ ਦਾ ਮਤਲਬ ਖੁਸ਼ੀ, ਪਿਆਰ ਅਤੇ ਸਿਹਤਮੰਦ ਮਿਲਾਪ ਹੈ। ਪਰ ਜੇ ਖੁਸ਼ੀਆਂ ਦੇ ਨਾਮ ’ਤੇ ਜ਼ਹਿਰ ਸਰੀਰ ਵਿੱਚ ਜਾਵੇ ਤਾਂ ਇਹ ਸਿਰਫ਼ ਧੋਖਾ ਹੀ ਹੈ।

“ਧੜਾ-ਧੜ” ਖਰੀਦਦਾਰੀ ਠੀਕ ਹੈ, ਪਰ ਧੜਾ-ਧੜ ਜ਼ਹਿਰ ਖਾਣਾ ਨਹੀਂ।

ਸਮਾਂ ਆ ਗਿਆ ਹੈ ਕਿ ਲੋਕ, ਸਰਕਾਰ ਅਤੇ ਪ੍ਰਸ਼ਾਸਨ ਮਿਲ ਕੇ ਮਿਲਾਵਟਖੋਰੀ ਦੇ ਖ਼ਿਲਾਫ਼ ਜੰਗ ਲੜਨ।

ਅਸਲ ਤਿਉਹਾਰ ਉਹੀ ਹੋਵੇਗਾ ਜਿਸ ਵਿੱਚ ਮਿੱਠਾਸ ਵੀ ਖ਼ਰੀ ਹੋਵੇ ਅਤੇ ਸਿਹਤ ਵੀ।

# ਪਹਿਲਾਂ ਕੈਨੇਡਾ ਨੇ ਅੱਤਵਾਦੀਆਂ ਨੂੰ ਪਨਾਹ ਦਿੱਤੀ ਹੁਣ ਆਪੇ ਹੀ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਗਰਦਾਨਿਆ

ਕਈ ਸਾਲਾਂ ਤੋਂ, ਕੈਨੇਡਾ ਅੱਤਵਾਦੀਆਂ ਲਈ ਇੱਕ ਸੁਰੱਖਿਅਤ ਕੇਂਦਰ ਵਾਂਗ ਰਿਹਾ ਹੈ। ਭਾਰਤ ਨੇ ਕੈਨੇਡਾ ਨੂੰ ਵਾਰ-ਵਾਰ ਕਿਹਾ ਕਿ ਉਹ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲਵੇ ਅਤੇ ਇਸ ਨਾਲ ਨਜਿੱਠਣ।

ਆਖ਼ਰਕਾਰ, ਸੋਮਵਾਰ ਨੂੰ, ਕੈਨੇਡੀਅਨ ਸਰਕਾਰ ਨੇ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਐਲਾਨਿਆ, ਜਿਸ ਕਾਰਨ ਇਸਦੀਆਂ ਕਿਸੇ ਵੀ ਗਤੀਵਿਧੀਆਂ ਅਤੇ ਇਸਦੇ ਮੈਂਬਰਾਂ ਦੁਆਰਾ ਕੀਤੀਆਂ ਗਈਆਂ ਅਪਰਾਧਿਕ ਕਾਰਵਾਈਆਂ ਨੂੰ ਹੁਣ ਇੱਕ ਸਖ਼ਤ ਕਾਨੂੰਨੀ ਢਾਂਚੇ ਦੇ ਤਹਿਤ ਵਿਚਾਰਿਆ ਜਾਵੇਗਾ। ਇਹ ਮੰਗ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਅਤੇ ਐਨਡੀਪੀ ਦੁਆਰਾ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਸੀ।

ਭਾਰਤ ਤੋਂ ਬਾਹਰ ਕੰਮ ਕਰ ਰਹੇ ਬਿਸ਼ਨੋਈ ਗੈਂਗ ਨੂੰ ਪਿਛਲੇ ਸਾਲ ਆਰਸੀਐਮਪੀ ਪੁਲਿਸ ਦੇ ਦੋਸ਼ਾਂ ਤੋਂ ਬਾਅਦ ਆਇਆ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਸਮੂਹ ਕੈਨੇਡਾ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਹਿੰਸਾ ਅਤੇ ਡਰਾਉਣ-ਧਮਕਾਉਣ ਦੀ ਮੁਹਿੰਮ ਪਿੱਛੇ ਸੀ। ਦਰਅਸਲ! ਸਾਰੇ ਸਿੱਖ ਅੱਤਵਾਦੀ ਨਹੀਂ ਹਨ, ਨਾ ਹੀ ਸਾਰੇ ਅੱਤਵਾਦੀ ਸਿੱਖ ਹਨ।

ਪਿਛਲੇ ਸਾਲ, ਥੈਂਕਸਗਿਵਿੰਗ ਵੀਕਐਂਡ ਦੌਰਾਨ, ਬਿਸ਼ਨੋਈ ਗੈਂਗ ਨੇ ਕੈਨੇਡਾ ਵਿੱਚ ਰਾਸ਼ਟਰੀ ਧਿਆਨ ਆਪਣੇ ਵੱਲ ਖਿੱਚਿਆ ਜਦੋਂ ਆਰਸੀਐਮਪੀ ਨੇ ਉਨ੍ਹਾਂ 'ਤੇ ਭਾਰਤ ਵਿੱਚ ਸਥਾਪਤ ਕੀਤੇ ਜਾਣ ਵਾਲੇ ਇੱਕ ਸੁਤੰਤਰ ਸਿੱਖ ਰਾਜ, ਖਾਲਿਸਤਾਨ ਵਜੋਂ ਜਾਣੇ ਜਾਂਦੇ ਕੈਨੇਡੀਅਨ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਅਪਰਾਧ ਕਰਨ ਦੇ ਦੋਸ਼ ਲਗਾਏ।

ਉਨਟੈਰਿਉ , ਅਲਬਰਟਾ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਘੱਟੋ-ਘੱਟ 2023 ਤੋਂ ਮਿਲਦੇ-ਜੁਲਦੇ ਦਾਅਵੇ ਕੀਤੇ ਸਨ।

ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਡਿਪਲੋਮੈਟਾਂ ਨੇ ਕੈਨੇਡਾ ਵਿੱਚ ਖਾਲਿਸਤਾਨ ਸਮਰਥਕਾਂ ਬਾਰੇ ਵੇਰਵੇ ਨਵੀਂ ਦਿੱਲੀ ਦੇ ਅਧਿਕਾਰੀਆਂ ਨੂੰ ਪ੍ਰਦਾਨ ਕੀਤੇ ਸਨ, ਜਿਨ੍ਹਾਂ ਨੇ ਬਾਅਦ ਵਿੱਚ ਇਹ ਜਾਣਕਾਰੀ ਬਿਸ਼ਨੋਈ ਗੈਂਗ ਨੂੰ ਦਿੱਤੀ ਸੀ।

ਕੈਨੇਡੀਅਨ ਸਰਕਾਰ ਵਲੋਂ ਹੁਣ ਬਿਸ਼ਨੋਈ ਗੈਂਗ ਨੂੰ ਇੱਕ ਅੱਤਵਾਦੀ ਸੰਗਠਨ ਐਲਾਨੇ ਜਾਣ ਤੋਂ ਬਆਦ ਜੋ ਲੋਕ ਲਾਰੈਂਸ ਬਿਸ਼ਨੋਈ ਦੇ ਗੈਂਗ ਨੂੰ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨਗੇ, ਜਿਸਨੇ ਕਥਿਤ ਤੌਰ 'ਤੇ ਜੇਲ੍ਹ ਤੋਂ ਫੋਨ 'ਤੇ ਅਪਰਾਧਿਕ ਨਿਰਦੇਸ਼ ਦਿੱਤੇ ਸਨ, ਉਹ ਹੁਣ ਕਾਨੂੰਨੀ ਮੁਸੀਬਤ ਵਿੱਚ ਫਸ ਜਾਣਗੇ। ਪਿਛਲੇ ਸਾਲ, ਕੈਨੇਡੀਅਨ ਫੈਡਰਲ ਪੁਲਿਸ ਨੇ ਦੋਸ਼ ਲਗਾਇਆ ਸੀ ਕਿ ਬਿਸ਼ਨੋਈ ਗੈਂਗ ਕੈਨੇਡਾ ਵਿੱਚ ਕਈ ਕਤਲਾਂ ਅਤੇ ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਸੀ, ਜੋ ਉਨ੍ਹਾਂ ਨੇ ਕਥਿਤ ਤੌਰ 'ਤੇ ਭਾਰਤੀ ਖੁਫੀਆ ਏਜੰਸੀਆਂ ਦੀ ਸਰਬੋਤਮ ਵਰਤੋਂ 'ਤੇ ਕੀਤੀਆਂ ਸਨ। ਭਾਰਤ ਸਰਕਾਰ ਕੈਨੇਡਾ ਦੁਆਰਾ ਇਨ੍ਹਾਂ ਦੋਸ਼ਾਂ ਨੂੰ ਨਕਾਰਦੀ ਰਹੀ ਹੈ।

ਅਸਲ ਵਿਚ ਸਤੰਬਰ 2023 ਵਿੱਚ, ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ਼ ਕਾਮਨਜ਼ ਨੂੰ ਦੱਸਿਆ ਕਿ ਕੈਨੇਡਾ ਕੋਲ "ਭਰੋਸੇਯੋਗ" ਸਬੂਤ ਹਨ ਕਿ ਨਵੀਂ ਦਿੱਲੀ ਇੱਕ ਸਿੱਖ ਕਾਰਕੁਨ, ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਸ਼ਾਮਲ ਸੀ, ਜਿਸਦੀ ਮੌਤ ਦੇ ਰਹੱਸ ਅਜੇ ਕਿਤੇ ਨਾ ਕਿਤੇ ਦਫ਼ਨ ਹੋਏ ਪਏ ਨੇ। ਝਦ ਕਿ ਭਾਰਤ ਲਈ, ਉਹ ਇੱਕ ਅੱਤਵਾਦੀ ਤੋਂ ਵੱਧ ਕੁਝ ਨਹੀਂ ਸੀ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਇਹ ਟਰੂਡੋ ਨੇ ਮੋਦੀ ਨਾਲ ਖਾਰ ਖਾਂਦੀ ਹੈ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ 2018 ਵਿੱਚ ਭਾਰਤ ਦਾ ਅੱਠ ਦਿਨਾਂ ਦਾ ਦੌਰਾ ਇੱਕ ਪੂਰੀ ਤਰ੍ਹਾਂ ਰਾਜਨੀਤਿਕ ਆਫ਼ਤ ਸੀ।

ਯਾਤਰਾ ਇੱਕ ਬਹੁਤ ਹੀ ਅਸੰਤੁਸ਼ਟੀਜਨਕ ਸ਼ੁਰੂਆਤ ਨਾਲ ਸ਼ੁਰੂ ਹੋਈ, ਕਿਉਂਕਿ ਟਰੂਡੋ ਵਫ਼ਦ ਦਾ ਹਵਾਈ ਅੱਡੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੰਤਰੀ ਮੰਡਲ ਦੇ ਮੈਂਬਰ ਦੀ ਬਜਾਏ ਇੱਕ ਰਾਜ ਮੰਤਰੀ ਦੁਆਰਾ ਸਵਾਗਤ ਕੀਤਾ ਗਿਆ ਸੀ।

ਅੰਤਰਰਾਸ਼ਟਰੀ ਅਤੇ ਸਥਾਨਕ ਨਿਰੀਖਕਾਂ ਨੇ ਸੁਝਾਅ ਦਿੱਤਾ ਕਿ ਵੱਖਵਾਦੀਆਂ ਅਤੇ ਕੱਟੜਪੰਥੀਆਂ ਨਾਲ ਸ਼ੱਕੀ ਸਬੰਧਾਂ ਕਾਰਨ, ਸਪੱਸ਼ਟ ਅਣਦੇਖੀ ਨੂੰ ਧਿਆਨ ਵਿੱਚ ਰੱਖਦੇ ਹੋਏ, ਟਰੂਡੋ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਸੀ।

ਪੰਜਾਬ ਦੇ ਸਾਬਿਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਇਹ ਭਰੋਸਾ ਦਿਵਾਉਣ ਦੀਆਂ ਵਿਆਪਕ ਕੋਸ਼ਿਸ਼ਾਂ ਦੇ ਬਾਵਜੂਦ ਕਿ ਉਨ੍ਹਾਂ ਦਾ ਪ੍ਰਸ਼ਾਸਨ ਕੱਟੜਪੰਥੀਆਂ ਨਾਲ ਜੁੜਿਆ ਨਹੀਂ ਹੈ, ਭਾਰਤ ਦੀ ਯਾਤਰਾ ਦੌਰਾਨ ਉਨ੍ਹਾਂ ਦੇ ਆਪਣੇ ਹੀ ਦਲ ਵਿੱਚ ਇੱਕ ਅਜਿਹਾ ਵਿਅਕਤੀ ਮਿਲਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ, ਸਥਿਤੀ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਕੈਨੇਡੀਅਨ ਹਾਈ ਕਮਿਸ਼ਨਰ ਨੇ ਜਸਪਾਲ ਅਟਵਾਲ, ਜੋ ਕਿ ਇੱਕ



ਬਰੈਂਪਟਨ ਸ਼ਹਿਰ ਦੇ ਮੇਅਰ ਪੈਟ੍ਰਿਕ ਬ੍ਰਾਊਨ/ਸੁਰਜੀਤ ਸਿੰਘ ਫਲੋਰਾ

ਸਿੱਖ ਕੱਟੜਪੰਥੀ ਹੈ, ਨੂੰ ਦਿੱਲੀ ਵਿੱਚ ਟਰੂਡੋ ਦੇ ਸਨਮਾਨ ਵਿੱਚ ਰਾਤ ਦੇ ਖਾਣੇ ਲਈ ਸੱਦਾ ਦਿੱਤਾ, ਜਿਸਦਾ ਕਤਲ ਦੀ ਕੋਸ਼ਿਸ਼ ਦਾ ਇਤਿਹਾਸ ਹੈ ਅਤੇ ਇੱਕ ਅੱਤਵਾਦੀ ਸੰਗਠਨ ਨਾਲ ਪੁਰਾਣੇ ਸਬੰਧ ਹਨ।

ਅਟਵਾਲ ਨੂੰ 1986 ਵਿੱਚ ਇੱਕ ਭਾਰਤੀ ਮੰਤਰੀ ਦੀ ਹੱਤਿਆ ਦੀ ਕੋਸ਼ਿਸ਼ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਪ੍ਰਧਾਨ ਮੰਤਰੀ ਉੱਜਲ ਦੋਸਾਂਝ 'ਤੇ ਹਮਲੇ ਵਿੱਚ ਵੀ ਸ਼ਾਮਲ ਸੀ।

ਜਦੋਂ ਅਟਵਾਲ ਦਾ ਸੱਦਾ ਰੱਦ ਕਰ ਦਿੱਤਾ ਗਿਆ ਸੀ - ਜਿਸਨੂੰ ਟਰੂਡੋ ਨੇ "ਮੰਦਭਾਗਾ" ਦੱਸਿਆ ਸੀ - ਅਟਵਾਲ ਪਹਿਲਾਂ ਹੀ ਮੁੰਬਈ ਵਿੱਚ ਟਰੂਡੋ ਦੀ ਪਤਨੀ ਸੋਫੀ ਨਾਲ ਆਪਣੇ ਸਾਥੀਆਂ ਦੇ ਹੋਰ ਮੈਂਬਰਾਂ ਨਾਲ ਫੋਟੋਆਂ ਖਿੱਚਵਾ ਚੁੱਕੇ ਸਨ।

ਇਹ ਸਥਿਤੀ ਭਾਰਤ ਦੇ ਖਾਲਿਸਤਾਨੀ ਪੱਖੀ ਸਿੱਖਾਂ ਲਈ ਕੈਨੇਡਾ ਦੇ ਸਪੱਸ਼ਟ ਸਮਰਥਨ ਪ੍ਰਤੀ ਅਸੰਤੁਸ਼ਟੀ ਤੋਂ ਪੈਦਾ ਹੁੰਦੀ ਹੈ, ਜਦੋਂ ਕਿ ਸ੍ਰੀ ਟਰੂਡੋ ਇਸ ਮਾਮਲੇ 'ਤੇ ਖਾਸ ਤੌਰ 'ਤੇ ਚੁੱਪ ਰਹਿੰਦੇ ਰਹੇ, ਕਦੇ ਵੀ ਇਸ ਮੁੱਦੇ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਨਹੀਂ ਕੀਤਾ ਕਦੇ ਹੀ ਇਸ ਮੁਦੇ ਨੂੰ ਗੰਭੀਤਾਂ ਨਾਲ ਨਹੀਂ ਲਿਆ।

ਅਕਤੂਬਰ 2024 ਵਿੱਚ ਦੋਵਾਂ ਸਰਕਾਰਾਂ ਦੇ ਸਬੰਧਾਂ ਨੇ ਇੱਕ ਹੋਰ ਮੋੜ ਲੈ ਲਿਆ, ਜਦੋਂ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਕਿਹਾ ਕਿ ਉਸਨੂੰ ਅਜਿਹੇ ਠੋਸ ਸਬੂਤ ਮਿਲੇ ਹਨ ਜੋ ਭਾਰਤ ਸਰਕਾਰ ਦੇ "ਉੱਚ ਪੱਧਰਾਂ" ਨੂੰ ਬਿਸ਼ਨੋਈ ਗੈਂਗ ਦੁਆਰਾ ਕੈਨੇਡੀਅਨਾਂ ਵਿਰੁੱਧ ਚਲਾਈ ਗਈ ਡਰਾਉਣ-ਧਮਕਾਉਣ ਅਤੇ ਹਿੰਸਾ ਦੀ ਮੁਹਿੰਮ ਨਾਲ ਜੋੜਦੇ ਹਨ।

ਇਸ ਖੋਜ ਤੋਂ ਬਾਅਦ, ਕੈਨੇਡਾ ਨੇ ਹਾਈ ਕਮਿਸ਼ਨਰ ਸਮੇਤ ਛੇ ਭਾਰਤੀ ਡਿਪਲੋਮੈਟਾਂ ਨੂੰ ਹਟਾ ਦਿੱਤਾ, ਅਤੇ ਭਾਰਤ ਨੇ ਜਵਾਬੀ ਕਾਰਵਾਈ ਵਿੱਚ ਉਸੇ ਗਿਣਤੀ ਵਿੱਚ ਕੈਨੇਡੀਅਨਾਂ ਨੂੰ ਹਟਾ ਕੇ ਜਵਾਬ ਦਿੱਤਾ।

ਭਾਰਤ ਨੇ ਕਿਹਾ ਹੈ ਕਿ ਕੈਨੇਡਾ ਸਿੱਖ ਕੱਟੜਪੰਥੀਆਂ ਨੂੰ ਦੋਵਾਂ ਦੇਸ਼ਾਂ ਵਿੱਚ ਧਮਕੀਆਂ ਦੇਣ ਅਤੇ ਹਿੰਸਕ ਕਾਰਵਾਈਆਂ ਕਰਨ ਦੀ ਇਜਾਜ਼ਤ ਦੇ ਰਿਹਾ ਹੈ, ਇਹ ਦਾਅਵਾ ਕਰਦੇ ਹੋਏ ਕਿ ਉਟਵਾ ਨੇ 1984 ਦੇ ਏਅਰ ਇੰਡੀਆ ਹਮਲੇ ਦੀ ਗਹਿਰਾਈ ਨੂੰ ਰੋਕਣ ਲਈ ਕਾਫ਼ੀ ਗੰਭੀਰਤਾਂ ਨਹੀਂ ਦਿਖਾਈ ਜੇ ਦਿਖਾਈ ਹੁੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ ਤੇ ਲੋਕਾਂ ਦੀ ਜਾਨ ਬਚ ਸਕਦੀ ਸੀ।

ਦਰਅਸਲ, ਕੈਨੇਡਾ ਤੋਂ ਲੰਡਨ ਰਾਹੀਂ ਭਾਰਤ ਜਾਣ ਵਾਲਾ ਏਅਰ ਇੰਡੀਆ ਦਾ ਇੱਕ ਜਹਾਜ਼ 23 ਜੂਨ, 1985 ਨੂੰ ਆਇਰਲੈਂਡ ਦੇ ਤੱਟ 'ਤੇ ਧਮਾਕਾ ਹੋ ਗਿਆ, ਜਿਸ ਵਿੱਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ। ਜਹਾਜ਼ ਵਿੱਚ ਰੱਖੇ ਇੱਕ ਬੈਗ ਵਿੱਚ ਬੰਬ ਸੀ ਭਾਵੇਂ ਟਿਕਟ ਖਰੀਦਣ ਵਾਲਾ ਵਿਅਕਤੀ ਸਵਾਰ ਨਹੀਂ ਹੋਇਆ ਸੀ। ਮਰਨ ਵਾਲੇ 268 ਕੈਨੇਡੀਅਨ ਸਨ; ਉਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਮੂਲ ਦੇ ਸਨ, ਅਤੇ 24 ਭਾਰਤੀ ਸਨ। ਪਾਣੀ ਵਿੱਚੋਂ ਸਿਰਫ਼ 131 ਲਾਸ਼ਾਂ ਮਿਲੀਆਂ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੇ ਤਲਵਿੰਦਰ ਸਿੰਘ ਪਰਮਾਰ - ਬੱਬਰ ਖਾਲਸਾ ਨਾਮਕ ਇੱਕ ਕੱਟੜਪੰਥੀ ਸੰਗਠਨ ਦੇ ਮੁਖੀ, ਜੋ ਕਿ ਹੁਣ ਕੈਨੇਡਾ ਅਤੇ ਭਾਰਤ ਵਿੱਚ ਗੈਰ-ਕਾਨੂੰਨੀ ਹੈ - ਅਤੇ ਇੰਦਰਜੀਤ ਸਿੰਘ ਰਿਆਤ, ਇੱਕ ਇਲੈਕਟ੍ਰੀਸ਼ੀਅਨ, ਨੂੰ ਕਈ ਹਥਿਆਰਾਂ, ਵਿਸਫੋਟਕਾਂ ਅਤੇ ਸਾਜ਼ਿਸ਼ ਦੇ ਦੋਸ਼ਾਂ ਵਿੱਚ ਗ੍ਰਿਫਤਾਰ ਕੀਤਾ ਸੀ ।

ਪਰ ਪਰਮਾਰ - ਜਿਸਨੂੰ ਭਾਰਤ ਨੇ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਕੈਨੇਡਾ ਤੋਂ ਹਵਾਲਗੀ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ - ਵਿਰੁੱਧ ਕੇਸ ਗਲਤ ਢੰਗ ਨਾਲ ਚਲਾਇਆ ਗਿਆ ਸੀ, ਅਤੇ ਉਸਨੂੰ ਡਿਸਚਾਰਜ ਕਰ ਦਿੱਤਾ ਗਿਆ ਸੀ।

ਇਹ ਵੀ ਸੱਚ ਹੈ ਕਿ ਕੈਨੇਡਾ ਦਾ ਖਾਲਿਸਤਾਨੀ ਬਾਗ਼ੀਆਂ ਅਤੇ ਅਪਰਾਧੀਆਂ ਦੀ ਮਦਦ ਕਰਨ ਦਾ ਇਤਿਹਾਸ ਰਿਹਾ ਹੈ, ਭਾਵੇਂ ਇਸਦਾ ਮਤਲਬ ਹੋਰ "ਦੇਸੀ" ਨਿਵਾਸੀਆਂ ਦੀਆਂ ਜਾਨਾਂ ਨੂੰ ਜੋਖਮ ਵਿੱਚ ਪਾਉਣਾ ਸੀ। ਭਾਰਤ ਸਰਕਾਰ ਨੇ ਨਿੱਝਰ ਸਮੇਤ ਇਨ੍ਹਾਂ ਅੱਤਵਾਦੀਆਂ ਅਤੇ ਠੱਗਾਂ ਬਾਰੇ ਕੈਨੇਡਾ ਨੂੰ ਕਈ ਫਾਈਲਾਂ ਭੇਜੀਆਂ, ਪਰ ਕੈਨੇਡਾ ਨੇ ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ।

ਕੈਨੇਡਾ ਵਿੱਚ, ਇਸ ਸਮੇਂ ਇੱਕ ਖਾਲਿਸਤਾਨੀ ਗੈਂਗ ਵਾਰ ਚੱਲ ਰਹੀ ਹੈ ਜਿਸ ਦੇ ਨਤੀਜੇ ਵਜੋਂ ਕਈ ਖਾਲਿਸਤਾਨੀ ਅਪਰਾਧੀਆਂ ਦੀ ਮੌਤ ਹੋ ਗਈ ਹੈ। ਨਿੱਝਰ ਗੈਂਗ ਨੇ ਰਿਆਤ ਦਾ ਕਤਲ ਵੀ ਕਰ ਦਿੱਤਾ ਸੀ।

ਦਰਅਸਲ, ਜਦੋਂ ਤੋਂ ਟਰੂਡੋ ਤੋਂ ਬਾਅਦ ਕੈਨੇਡਾ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧਾਂ ਦੀ ਹੌਲੀ-ਹੌਲੀ ਮੁੜ ਸਥਾਪਨਾ ਨੂੰ ਤਰਜੀਹ ਦੇ ਰਹੇ ਹਨ। ਦੋਵਾਂ ਦੇਸ਼ਾਂ ਵਿਚਕ-ਾਰ ਵਿਸ਼ਵਾਸ ਪੈਦਾ ਕਰਨ ਲਈ, ਕਾਨੂੰਨ ਲਾਗੂ ਕਰਨ ਵਾਲੀਆਂ ਚਰਚਾਵਾਂ ਖਾਸ ਤੌਰ 'ਤੇ ਮਹੱਤਵਪੂਰਨ ਸਾਬਿਤ ਹੋ ਰਹੀਆਂ ਹਨ।

ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਘੋਸ਼ਿਤ ਕਰਨ ਤੋਂ ਬਾਅਦ, ਕੈਨੇਡੀਅਨ ਸਰਕਾਰ ਇਸ ਗੈਂਗ ਨਾਲ ਜੁੜੇ ਲੋਕਾਂ ਦੇ ਬੈਂਕ ਖਾਤੇ ਜ਼ਬਤ ਕਰ ਸਕਦੀ ਹੈ, ਉਨ੍ਹਾਂ ਦੀ ਜਾਇਦਾਦ ਜ਼ਬਤ ਕਰ ਸਕਦੀ ਹੈ, ਅਤੇ ਉਨ੍ਹਾਂ ਦੀ ਕਿਸੇ ਵੀ ਅਪਰਾਧਿਕ ਗਤੀਵਿਧੀ ਨੂੰ ਪੁਲਿਸ ਅਤੇ ਅਦਾਲਤਾਂ ਦੁਆਰਾ ਆਮ ਨਾਲੋਂ ਵੱਖਰੇ ਸਖ਼ਤ ਕਾਨੂੰਨਾਂ ਅਧੀਨ ਵਿਚਾਰਿਆ ਜਾਵੇਗਾ। ਇਹ ਗੱਲ ਜ਼ਿਕਰਯੋਗ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਪਿਛਲੇ ਸਮੇਂ ਵਿੱਚ ਕੈਨੇਡਾ ਵਿੱਚ ਵਾਪਰੀਆਂ ਕਈ ਹੱਤਿਆਵਾਂ, ਫਿਰੌਤੀ ਦੀ ਮੰਗ ਅਤੇ ਹੋਰ ਹਿੰਸਕ ਕਾਰਵਾਈਆਂ ਦੀ ਜ਼ਿੰਮੇਵਾਰੀ ਲੈਂਦਾ ਰਿਹਾ ਹੈ। ਇਹੀ ਮੰਗ ਵਿਰੋਧੀ ਪਾਰਟੀ ਦੇ ਨਾਲ-ਨਾਲ ਕੁਝ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸ਼ਹਿਰਾਂ ਦੇ ਮੇਅਰਾਂ ਨੇ ਵੀ ਵਧੇ ਹੋਏ ਅਪਰਾਧ ਨੂੰ ਘਟਾਉਣ ਲਈ ਉਠਾਈ ਹੈ।

ਇਸ ਤੋਂ ਇਲਾਵਾ, ਬਰੈਂਪਟਨ ਸ਼ਹਿਰ ਦੇ ਮੇਅਰ ਪੈਟ੍ਰਿਕ ਬ੍ਰਾਊਨ ਕੈਨੇਡਾ ਸਰਕਾਰ ਦੇ ਬਿਸ਼ਨੋਈ ਗੈਂਗ ਨੂੰ ਰਸਮੀ ਤੌਰ 'ਤੇ ਅਪਰਾਧਿਕ ਸੰਹਿਤਾ ਦੇ ਤਹਿਤ ਇੱਕ ਅੱਤਵਾਦੀ ਸੰਸਥਾ ਵਜੋਂ ਨਾਮਜ਼ਦ ਕਰਨ ਦੇ ਫੈਸਲੇ ਦੀ ਸ਼ਲਾਘਾ ਕਰ ਰਹੇ ਹਨ। ਇਹ ਨਾਮਜ਼ਦਗੀ ਮਿਉਂਸਪਲ ਆਗੂਆਂ, ਕਾਨੂੰਨ ਲਾਗੂ ਕਰਨ ਵਾਲਿਆਂ ਅਤੇ ਭਾਈਚਾਰਕ ਸੰਗਠਨਾਂ ਵੱਲੋਂ ਮਹੀਨਿਆਂ ਦੀ ਵਕਾਲਤ ਤੋਂ ਬਾਅਦ ਹੈ - ਜਿਸ ਵਿੱਚ ਮੇਅਰ ਬ੍ਰਾਊਨ ਦਾ ਜੂਨ 2025 ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੂੰ ਤੁਰੰਤ ਕਾਰਵਾਈ ਦੀ ਮੰਗ ਕਰਨ ਵਾਲਾ ਪੱਤਰ ਵੀ ਸ਼ਾਮਲ ਹੈ।

ਮੇਅਰ ਬ੍ਰਾਊਨ ਨੇ ਗੱਲ ਕਰਦੇ ਹੋਰੇ ਕਿਹਾ ਕਿ "ਬਿਸ਼ਨੋਈ ਗੈਂਗ ਸੂਝਵਾਨ, ਅੰਤਰਰਾਸ਼ਟਰੀ ਅਤੇ ਬੇਰਹਿਮ ਹੈ।" "ਜੇਕਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਉਨ੍ਹਾਂ ਦੇ ਨੈੱਟਵਰਕਾਂ ਨੂੰ ਖਤਮ ਕਰਨਾ ਹੈ, ਤਾਂ ਸਾਨੂੰ ਉਸ ਸੂਝ-ਬੂਝ ਨਾਲ ਮੇਲ ਕਰਨਾ ਚਾਹੀਦਾ ਹੈ - ਜਾਂ ਇਸ ਤੋਂ ਵੱਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਆਵਾਜਾਈ ਅਤੇ ਸੰਚਾਰ ਲਿੰਕਾਂ ਨੂੰ ਬੰਦ ਕਰਨਾਂ ਚਾਹਿੰਦਾ ਹੈ ਜੋ ਉਨ੍ਹਾਂ ਦੇ ਕੰਮਕਾਜ ਨੂੰ ਸਮਰੱਥ ਬਣਾਉਂਦੇ ਹਨ।"

ਇਸ ਤੋਂ ਇਲਾਵਾ, ਮੇਅਰ ਬ੍ਰਾਊਨ ਪੀਲ ਰੀਜਨਲ ਪੁਲਿਸ,ਬ੍ਰਿਟਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ, ਅਤੇ ਵਿਸ਼ਵ ਸਿੱਖ ਸੰਗਠਨ - ਦੇ ਨਾਲ-ਨਾਲ ਦੇਸ਼ ਭਰ ਦੇ ਮਿਉਂਸਪਲ ਆਗੂਆਂ, ਜਿਨ੍ਹਾਂ ਵਿੱਚ ਸਰੀ ਦੀ ਮੇਅਰ ਬ੍ਰੈਂਡਾ ਲੌਕ; ਐਡਮੰਟਨ ਦੀ ਮੇਅਰ ਅਮਰਜੀਤ ਸੋਹੀ; ਅਤੇ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਸ਼ਾਮਲ ਹਨ - ਦੀਆਂ ਜ਼ਰੂਰੀ ਕਾਲਾਂ ਦਾ ਜਵਾਬ ਦੇਣ ਲਈ ਸੰਘੀ ਸਰਕਾਰ ਦਾ ਧੰਨਵਾਦ ਕਰਦੇ ਹਨ - ਜਿਨ੍ਹਾਂ ਸਾਰਿਆਂ ਨੇ ਸੰਘੀ ਸਰਕਾਰ ਨੂੰ ਫੈਸਲਾਕੁੰਨ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ ਜਿਦ ਦੀ ਬਾਦੌਂਤ ਕੈਨੇਡਾ ਸਰਕਾਰ ਵਲੋਂ ਇਹ ਅਹਿਮ ਫੈਸਲਾਂ ਲਿਆਂ ਗਿਆ।

ਬਿਸ਼ਨੋਈ ਨੂੰ ਇੱਕ ਬਦਨਾਮ ਅਪਰਾਧੀ ਵਜੋਂ ਜਾਣਿਆ ਜਾਂਦਾ ਹੈ। ਉਸਨੇ ਮਸ਼ਹੂਰ ਭਾਰਤੀ ਮਸ਼ਹੂਰ ਹਸਤੀਆਂ, ਸਿਆਸਤਦਾਨਾਂ ਅਤੇ ਕਾਰੋਬਾਰੀ ਅਧਿਕਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਹਨ। 2022 ਵਿੱਚ ਕੈਨੇਡਾ ਵਿੱਚ ਥੋੜ੍ਹੇ ਸਮੇਂ ਲਈ ਰਹਿ ਰਹੇ ਪੰਜਾਬੀ ਕਲਾਕਾਰ ਸਿੱਧੂ ਮੂਸੇ ਵਾਲਾ ਦੇ ਗੋਲੀਬਾਰੀ ਕਤਲ ਦੇ ਪਿੱਛੇ ਵਿਅਕਤੀ ਹੋਣ ਦਾ ਦੋਸ਼ ਉਸ 'ਤੇ ਲਗਾਇਆ ਗਿਆ ਸੀ।



ਸੁਰਜੀਤ ਸਿੰਘ ਫਲੋਰਾ

**Surjit Singh flora**
**6 Havelock Drive**
**Brampton,**
**Ont,L6W 4A5**
**647-829-9397**

# ਪੰਜਾਬ ’ਚ ਲਾਲ ਲਕੀਰ ਦੇ ਅੰਦਰ ਰਹਿਣ ਵਾਲਿਆਂ ਲਈ ਖੁਸ਼ਖਬਰੀ

## ਲਾਲ ਲਕੀਰ ਦੇ ਅੰਦਰ ਆਉਣ ਵਾਲੀ ਜ਼ਮੀਨ 'ਤੇ ਮਿਲੇਗਾ ਮਾਲਕਾਣਾ ਹੱਕ

**ਚੰਡੀਗੜ੍ਹ।** ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਲਾਲਜੀਤ ਸਿੰਘ ਭੁੱਲਰ ਨੇ ਤਰਨ-ਤਾਰਨ ਜ਼ਿਲ੍ਹੇ ਤੋਂ ‘ਮੇਰਾ ਘਰ, ਮੇਰਾ ਮਾਣ’ ਸਕੀਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਲਾਲ ਲਕੀਰ ਦੇ ਅੰਦਰ ਆਉਂਦੀ ਜ਼ਮੀਨ, ਜਾਇਦਾਦ ਦੇ ਮਾਲਕਾਨਾ ਹੱਕ ਪ੍ਰਾਪਤ ਕਰਨ ਵਾਲੇ ਹਲਕਾ ਤਰਨ-ਤਾਰਨ ਦੇ 11 ਪਿੰਡਾਂ ਦੇ ਲਾਭਪਾਤਰੀਆਂ ਨੂੰ ਪ੍ਰਾਪਰਟੀ ਕਾਰਡ ਵੰਡੇ। ਇਸ ਮੌਕੇ ਹਲਕਾ ਇੰਚਾਰਜ ਤਰਨਤਾਰਨ ਹਰਮੀਤ ਸਿੰਘ ਸੰਧੂ, ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ, ਐੱਸਡੀਐੱਮ ਤਰਨਤਾਰਨ ਗੁਰਮੀਤ ਸਿੰਘ ਅਤੇ ਜ਼ਿਲ੍ਹਾ ਮਾਲ ਅਫ਼ਸਰ ਤਰਨਤਾਰਨ ਗੁਰਪ੍ਰੀਤ ਸਿੰਘ ਢਿੱਲੋਂ ਤੋਂ ਇਲਾਵਾ ਹੋਰ ਪਤਵੰਤੇ ਅਤੇ ਵੱਖ-ਵੱਖ ਪਿੰਡਾਂ ਤੋਂ ਆਏ



ਲਾਭਪਾਤਰੀ ਵੀ ਹਾਜ਼ਰ ਸਨ। ਇਸ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਉਨ੍ਹਾਂ ਦੀ ਸੰਪਤੀ ਦੇ ਅਧਿਕਾਰ ਵੰਡ ਰਹੇ ਹਾਂ। ਉਨ੍ਹਾਂ ਕਿਹਾ ਕਿ ਅੱਜ ਤਰਨਤਾਰਨ ਤੋਂ ਸ਼ੁਰੂ ਹੋਈ ਮੇਰਾ ਘਰ, ਮੇਰਾ ਮਾਣ ਮੁਹਿੰਮ ਸੂਬੇ ਵਿਚ ਨਵੀਂ ਕ੍ਰਾਂਤੀ ਲੈ ਕੇ ਆਵੇਗੀ। ਉਨ੍ਹਾਂ ਕਿਹਾ ਕਿ ਇਸ ਸਕੀਮ ਨੂੰ ਰਾਜ ਵਿਚ ਮਿਸ਼ਨ ਮੋਡ ’ਚ ਲਾਗੂ ਕੀਤਾ ਜਾ ਰਿਹਾ ਹੈ, ਇਹ ਸਕੀਮ ਦਸੰਬਰ 2026 ਤੱਕ ਰਾਜ ਭਰ ਵਿਚ ਲਾਗੂ ਕਰ ਦਿੱਤੀ ਜਾਵੇਗੀ। ਇਸ ਮੌਕੇ ਹਾਜ਼ਰ ਲਾਭਪਾਤਰੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਪ੍ਰਾਪਰਟੀ ਕਾਰਡ ਤੁਹਾਡੀ ਜ਼ਮੀਨ ’ਤੇ ਤੁਹਾਡੇ ਮਾਲਕੀ ਦੇ ਹੱਕਾਂ ਦਾ ਇਕ ਸਪੱਸ਼ਟ, ਡਿਜੀਟਲ ਅਤੇ ਸਰਕਾਰੀ ਰਿਕਾਰਡ ਹੋਵੇਗਾ। ਹੁਣ ਕਿਸੇ ਨੂੰ ਇਹ ਨਹੀਂ ਕਹਿਣਾ ਪਏਗਾ ਕਿ ਤੁਹਾਡੇ ਕੋਲ ਜ਼ਮੀਨ ਦਾ ਸਬੂਤ ਨਹੀਂ ਹੈ।

# ਮਲਿਕਾ ਅਰਜੁਨ ਖੜਗੇ ਦੀ ਸਿਹਤ ਹੋਈ ਖਰਾਬ

**ਬੇਂਗਲੁਰੂ ।** ਆਲ ਇੰਡੀਆ ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾ ਅਰਜੁਨ ਖੜਗੇ ਦੀ ਸਿਹਤ ਅਚਾਨਕ ਖ਼ਰਾਬ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਜਿਸ ਤੋਂ ਬਾਅਦ ਉਨ੍ਹਾਂ ਨੂੰ ਇਲਾਜ ਲਈ ਬੇਂਗਲੁਰੂ ਦੇ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਦੀ ਸਥਿਤੀ ’ਤੇ ਨਜ਼ਰ ਰੱਖੀ ਜਾ ਰਹੀ ਹੈ। ਹਸਪਤਾਲ ਵੱਲੋਂ ਕਾਂਗਰਸ ਪ੍ਰਧਾਨ ਮਲਿਕਾ ਅਰਜੁਨ ਖੜਗੇ ਦੀ ਸਿਹਤ ਸਬੰਧੀ ਫ਼ਿਲਹਾਲ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।



# ਰੇਲਵੇ ਨੇ ਪੰਜਾਬ ਦੇ ਅਸਥਾਈ ਤੌਰ ’ਤੇ ਬੰਦ ਕੀਤੇ ਸਟੇਸ਼ਨਾਂ ਨੂੰ ਮੁੜ ਤੋਂ ਕੀਤਾ ਸ਼ੁਰੂ




**ਚੰਡੀਗੜ੍ਹ ।** ਪੰਜਾਬ ’ਚ ਰੇਲ ਰਾਹੀਂ ਯਾਤਰਾ ਕਰਨ ਵਾਲੇ ਵਿਅਕਤੀਆਂ ਲਈ ਇਕ ਵੱਡੀ ਰਾਹਤ ਭਰੀ ਖਬਰ ਆਈ ਹੈ। ਉੱਤਰ ਰੇਲਵੇ ਨੇ ਮੁਰੰਮਤ ਕਾਰਜਾਂ ਦੇ ਕਾਰਨ ਅਸਥਾਈ ਤੌਰ ’ਤੇ ਬੰਦ ਕੀਤੇ ਗਏ ਟਰੇਨ ਸਟਾਪੇਜ਼ ਨੂੰ ਫਿਰ ਤੋਂ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਅੰਮ੍ਰਿਤਸਰ-ਜਲੰਧਰ ਰੇਲ ਲਾਈਨ ’ਤੇਚੱਲਣ ਵਾਲੀਆਂ ਕਈ ਐਕਸਪ੍ਰੈਸ ਗੱਡੀਆਂ 1 ਅਕਤੂਬਰ ਤੋਂ ਆਪਣੇ ਪੁਰਾਣੇ ਨਿਰਧਾਰਤ ਸਟਾਪੇਜ਼ ’ਤੇ ਰੁਕਣਗੀਆਂ। ਜਿਸ ਨਾਲ ਰੋਜ਼ਾਨਾ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਵੱਡੀ ਸਹੂਲਤ ਮਿਲੇਗੀ। ਰੇਲਵੇ ਅਧਿਕਾਰੀਆਂ ਅਨੁਸਾਰ ਪਿਛਲੇ ਕੁੱਝ ਸਮੇਂ ਤੋਂ ਰੇਲ ਲਾਈਨਾਂ ਅਤੇ ਸਟੇਸ਼ਨਾਂ ’ਤੇ ਚੱਲ ਰਹੇ ਮੁਰੰਮਤ ਕਾਰਜਾਂ ਦੇ ਚਲਦੇ ਕਈ ਟਰੇਨਾਂ ਦੇ ਸਟਾਪੇਜ਼ ਨੂੰ ਅਸਥਾਈ ਰੂਪ ਨਾਲ ਬੰਦ ਕਰ ਦਿੱਤਾ ਗਿਆ ਸੀ। ਹੁਣ ਕੰਮ ਪੂਰਾ ਹੋਣ ਤੋਂ ਬਾਅਦ ਇਨ੍ਹਾਂ ਸਟਾਪੇਜ਼ ਨੂੰ ਫਿਰ ਤੋਂ ਸ਼ੁਰੂ ਕਰ ਦਿੱਤਾ ਗਿਆ ਹੈ। ਉੱਤਰ ਰੇਲਵੇ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ ਹੇਠ ਲਿਖੇ ਸਟਾ-ਪੇਜ਼ ਬਹਾਲ ਕੀਤੇ ਗਏ ਹਨ : ਹਿਸਾਰ-ਅੰਮ੍ਰਿਤਸਰ ਐਕਸਪ੍ਰੈਸ ਦੇ ਤਿੰਨ ਸਟਾਪੇਜ਼, ਮਾਤਾ ਵੈਸ਼ਨੋ ਦੇਵੀ ਕਟਰਾ-ਤਿਰੂਨੇਲਵੇਲੀ ਐਕਸਪ੍ਰੈਸ ਦਾ ਇਕ ਸਟਾਪੇਜ਼, ਮਾਤਾ ਵੈਸ਼ਨੋ ਦੇਵੀ ਕਟਰਾ-ਕੰਨਿਆਕੁਮਾਰੀ ਐਕਸਪ੍ਰੈਸ ਇਕ ਸਟਾਪੇਜ਼, ਮਾਤਾ ਵੈਸ਼ਨੋ ਦੇਵੀ ਕਟਰਾ-ਐਮਜੀਆਰ ਚੇਨਈ ਸੈਂਟਰਲ ਐਕਸਪ੍ਰੈਸ ਇਕ ਸਟਾਪੇਜ਼, ਦੇਹਰਾਦੂਨ-ਅੰਮ੍ਰਿਤਸਰ ਐਕਸਪ੍ਰੈਸ ਇਕ ਸਟਾਪੇਜ਼, ਅੰਮ੍ਰਿਤਸਰ ਦੇਹਰਾਦੂਨ ਐਕਸਪ੍ਰੈਸ ਇਕ ਸਟਾਪੇਜ਼, ਛਤਰਪਤੀ ਸ਼ਿਵਾਜੀ ਮਹਾਰਾਜ ਟਰਮੀਨਲ ਅੰਮ੍ਰਿਤਸਰ-ਐਕਸਪ੍ਰੈਸ ਦੇ ਇਕ ਸਟਾਪੇਜ਼ ਨੂੰ ਬਹਾਲ ਕੀਤਾ ਗਿਆ ਹੈ।

Samaj Weekly
ਸਮਾਜ ਵੀਕਲੀ


Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਟਰੰਪ ਨੇ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਦਾ ਰਾਗ ਮੁੜ ਅਲਾਪਿਆ

**ਵਾਸ਼ਿੰਗਟਨ।** ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਇੱਕ ਵਾਰੀ ਮੁੜ ਸ਼ੋਸ਼ਾ ਛੱਡਦਿਆਂ ਆਖਿਆ ਕਿ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ ਤੇ ਅਮਰੀਕਾ ਦਾ 51ਵਾਂ ਸਟੇਟ ਬਣ ਜਾਣਾ ਚਾਹੀਦਾ ਹੈ। ਟਰੰਪ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੁੱਝ ਕੈਨੇਡੀਅਨ ਅਧਿਕਾਰੀਆਂ ਨੂੰ ਇਹ ਸਲਾਹ ਦੁਬਾਰਾ ਦਿੱਤੀ ਗਈ ਹੈ। ਟਰੰਪ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਇਹ ਸਲਾਹ ਉਨ੍ਹਾਂ ਵੱਲੋਂ ਕਿਹੜੇ ਅਧਿਕਾਰੀਆਂ ਨੂੰ ਦਿੱਤੀ ਗਈ ਹੈ। ਇੱਥੇ ਚੇਤੇ ਕਰਵਾਉਣਾ ਬਣਦਾ ਹੈ ਕਿ ਸਾਲ ਦੇ ਸ਼ੁਰੂ ਵਿੱਚ ਵੀ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਵਿੱਚ ਸ਼ਾਮਲ ਹੋ ਜਾਣ ਦੀ ਗੱਲ ਕਈ ਵਾਰੀ ਆਖੀ ਗਈ ਸੀ ਪਰ ਜਦੋਂ ਤੋਂ ਮਾਰਕ ਕਾਰਨੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਅਹੁਦਾ ਸਾਂਭਿਆ ਹੈ



ਉਦੋਂ ਤੋਂ ਹੀ ਟਰੰਪ ਨੇ ਇਹ ਗੱਲ ਕਰਨੀ ਬੰਦ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਵਰਜੀਨੀਆ ਵਿੱਚ ਇੱਕ ਈਵੈਂਟ ਦੌਰਾਨ ਸੀਨੀਅਰ ਮਿਲਟਰੀ ਅਧਿਕਾਰੀਆਂ ਨਾਲ ਗੱਲ ਕਰਦਿਆਂ ਟਰੰਪ ਨੇ ਆਖਿਆ ਕਿ ਅਮਰੀਕਾ ਗੋਲਡਨ ਡੋਮ ਮਿਜ਼ਾਈਲ ਡਿਫੈਂਸ ਸਿਸਟਮ ਤਿਆਰ ਕਰ ਰਿਹਾ ਹੈ ਤੇ ਕੈਨੇਡਾ ਨੂੰ ਵੀ ਇਸ ਤਹਿਤ ਪ੍ਰੋਟੈਕਸ਼ਨ ਦਿੱਤੀ ਜਾ ਸਕਦੀ ਹੈ ਬਸ਼ਰਤੇ ਉਹ ਅਮਰੀਕਾ ਦਾ ਹਿੱਸਾ ਬਣ ਜਾਵੇ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**
**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com